Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
www.khetiduniyan.in
Postage Regd. No. PB/PTA/0338/2025-2027

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 26-07-2025 • Vol.43 No.30 • M. 90410-14575 • Page 16 E-mail : khetiduniyan1983@gmail.com

## ਝੋਨੇ ਦੀ ਫ਼ਸਲ ’ਤੇ ਚਾਈਨਾ (ਬੌਨੇਪਣ) ਰੋਗ ਦਾ ਹਮਲਾ, ਕਿਸਾਨ ਚਿੰਤਤ

ਝੋਨੇ ਦੀ ਫ਼ਸਲ ’ਤੇ ਫੈਲ ਰਹੇ ਬੌਨੇਪਣ ਦੇ ਰੋਗ ਅਤੇ ਇਸ ਨੂੰ ਫੈਲਾਉਣ ਵਾਲੇ ਟਿੱਡੇ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ । ਇਸ ਰੋਗ ਦੇ ਹਮਲੇ ਤੋਂ ਬਚਣ ਲਈ ਕਿਸਾਨਾਂ ਨੇ ਖੇਤੀ ਮਾਹਿਰਾਂ ਅਤੇ ਕੀਟਨਾਸ਼ਕਾਂ ਵਿਕ੍ਰੇਤਾਵਾਂ ਦੇ ਦਰ ’ਤੇ ਦਵਾਈਆਂ ਅਤੇ ਸਲਾਹਾਂ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ । ਇਸ ਰੋਗ ਦੀ ਜੜ੍ਹ ਨੂੰ ਲੈ ਕੇ ਭਾਵੇਂ ਕਈ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ, ਪਰ ਇਸ ਦੇ ਠੋਸ ਕਾਰਨ ਜਾਂ ਠੋਸ ਹੱਲ ਅਜੇ ਸਾਹਮਣੇ ਨਜ਼ਰ ਨਹੀਂ ਆ ਰਹੇ ।

ਇਹ ਬੌਨੇਪਣ ਦਾ ਵਾਇਰਸ ਪਹਿਲੀ ਵਾਰ ਝੋਨੇ ਦੀ ਫ਼ਸਲ ’ਤੇ 2022 ਵਿੱਚ ਸਾਹਮਣੇ ਆਇਆ ਸੀ । ਉਸ ਤੋਂ ਬਾਅਦ ਦੋ ਸਾਲ ਇਸ ਰੋਗ ਤੋਂ ਬਚਾ ਵੀ ਰਿਹਾ ਅਤੇ ਇਸ ਦੌਰਾਨ ਨਾ ਹੀ ਖੇਤੀਬਾੜੀ ਵਿਭਾਗ ਨੇ ਅਤੇ ਨਾ ਹੀ ਮਾਹਿਰਾਂ ਨੇ ਇਸ ਦੀ ਰੋਕਥਾਮ ਸੰਬੰਧੀ ਗੰਭੀਰਤਾ ਦਿਖਾਈ । 2022 ਵਿੱਚ ਇਸ ਰੋਗ ਨਾਲ ਪ੍ਰਤੀ ਏਕੜ ਕਈ ਕਿਸਾਨਾਂ ਨੂੰ 2 ਤੋਂ 5 ਕੁਇੰਟਲ ਤੱਕ ਦਾ ਨੁਕਸਾਨ ਵੀ ਸਹਿਣਾ ਪਿਆ ਸੀ । ਹੁਣ ਦੁਬਾਰਾ ਇਸ ਨੁਕਸਾਨ ਨੂੰ ਸੋਚ ਕੇ ਕਿਸਾਨ ਮੁੜ ਚਿੰਤਾ ਵਿੱਚ ਪੈ ਗਏ ਹਨ । ਇਹ ਇੱਕ ਵਿਸ਼ਾਣੂ ਰੋਗ ਹੈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਇਸ ਰੋਗ ਦੀ ਪਛਾਣ ‘ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ’ ਵਾਇਰਸ ਦੇ ਤੌਰ ’ਤੇ ਕੀਤੀ ਹੈ । ਇਹ ਰੋਗ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ । ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮੱਧਰੇ ਰਹਿ ਜਾਂਦੇ ਹਨ । ਇਸ ਨਾਲ ਪੱਤੇ ਨੋਕਦਾਰ ਹੋ ਜਾਂਦੇ ਹਨ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ । ਜਿੱਥੇ ਇਸ ਰੋਗ ਦਾ ਹਮਲਾ ਤੇਜ਼ ਹੁੰਦਾ ਹੈ, ਉੱਥੇ ਝੋਨੇ ਦਾ ਬੂਟਾ ਮੁਰਝਾ ਕੇ ਸੁੱਕ ਜਾਂਦਾ ਹੈ । ਇਸ ਨਾਲ ਬੂਟੇ ਦੀ ਉੱਚਾਈ ਆਮ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ । ਮਾਹਿਰਾਂ ਦਾ ਇਹ ਅੰਦਾਜ਼ਾ ਹੈ ਕਿ ਇਸ ਰੋਗ ਦਾ ਜ਼ਿਆਦਾ ਹਮਲਾ ਅਗੇਤੀ ਫ਼ਸਲ ਦੇ ਨਾਲ ਖੇਤ ਵਿੱਚ ਵਧੇਰੇ ਯੂਰੀਆ ਅਤੇ ਪਾਣੀ ਵਾਲੀ ਫ਼ਸਲ ’ਤੇ ਹੁੰਦਾ ਹੈ । ਉਂਜ ਕਿਸਾਨਾਂ ਮੁਤਾਬਿਕ ਘੱਟ ਸਮੇਂ ਵਾਲੀਆਂ ਝੋਨੇ ਦੀਆਂ ਵੰਨਗੀਆਂ ਜਿਨ੍ਹਾਂ ਵਿੱਚ 131 ਅਤੇ 128 ’ਤੇ ਹਮਲਾ ਜ਼ਿਆਦਾ ਹੈ । ਇਸ ਤੋਂ ਇਲਾਵਾ ਜਿਨ੍ਹਾਂ ਖੇਤਾਂ ਵਿੱਚ ਇਸ ਬਿਮਾਰੀ ਦਾ ਪਹਿਲਾ ਹਮਲਾ ਹੋ ਚੁੱਕਾ ਹੈ, ਉਸ ਖੇਤ ਵਿੱਚ ਇਸ ਹਮਲੇ ਦਾ ਖਤਰਾ ਵਧੇਰੇ ਹੈ ।

### ਝੋਨੇ ਦੇ ਬੌਣੇ ਬੂਟਿਆਂ ਦੀ ਸਮੱਸਿਆ ਪ੍ਰਤੀ ਕਿਸਾਨ ਚੌਕਸ ਰਹਿਣ : ਜ਼ਿਲ੍ਹਾ ਖੇਤੀਬਾੜੀ ਅਫਸਰ ਅਮਰੀਕ ਸਿੰਘ




ਇਸ ਸੰਬੰਧੀ ਜ਼ਿਲ੍ਹਾ ਖੇਤੀਬਾੜੀ ਅਫਸਰ (ਗੁਰਦਾਸਪੁਰ) ਡਾ. ਅਮਰੀਕ ਸਿੰਘ ਨੇ ਕਿਹਾ ਕਿ ਝੋਨੇ ਦੇ ਬੌਣੇ ਬੂਟਿਆਂ ਦੀ ਸਮੱਸਿਆ ਪ੍ਰਤੀ ਕਿਸਾਨ ਚੌਕਸ ਰਹਿਣ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਕਈ ਪਿੰਡਾਂ ਤੋਂ ਕਿਸਾਨਾਂ ਦੇ ਫੋਨ ਆ ਰਹੇ ਹਨ ਕਿ ਝੋਨੇ ਦੀ ਫ਼ਸਲ ਵਿੱਚ ਕੁਝ ਬੂਟੇ ਛੋਟੇ ਰਹਿ ਰਹੇ ਹਨ ਅਤੇ ਬੂਟਿਆਂ ਦਾ ਮੱਧਰਾ ਰਹਿ ਜਾਣਾ ਝੋਨੇ ਦਾ ਨਵਾਂ ਵਿਸ਼ਾਣੂੰ ਰੋਗ ਹੈ ਅਤੇ ਜੋ ਕਿ ਝੋਨੇ ਦੇ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਪ੍ਰਭਾਵਿਤ ਬੂਟੇ ਤੋਂ ਸਿਹਤਮੰਦ ਬੂਟੇ ਤੱਕ ਫੈਲਦਾ ਹੈ ਅਤੇ ਇਹ ਵਿਸ਼ਾਣੂੰ ਝੋਨੇ ਦੀਆਂ ਸਾਰੀਆਂ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ । ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮੱਧਰੇ, ਉਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ । ਉਨ੍ਹਾਂ ਕਿਹਾ ਕਿ ਝੋਨੇ ਦੀ ਫ਼ਸਲ ਵਿੱਚ ਇਸ ਸੰਭਾਵਿਤ ਬਿਮਾਰੀ ਦੇ ਚਿੰਨ੍ਹ ਨਜ਼ਰ ਆਉਣ ’ਤੇ ਨਜ਼ਦੀਕੀ ਖੇਤੀਬਾੜੀ ਅਧਿਕਾਰੀਆਂ, ਖੇਤੀ ਵਿਗਿਆਨ ਕੇਂਦਰ ਜਾਂ ਪੀ. ਏ. ਯੂ. ਦੇ ਖੇਤੀ ਮਾਹਿਰਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਕਿਸੇ ਦੇ ਕਹਿਣ ’ਤੇ ਕੋਈ ਛਿੜਕਾਅ ਨਹੀਂ ਕਰਨਾ ਚਾਹੀਦਾ । ਉਹਨਾਂ ਦੱਸਿਆ ਕਿ ਚਿੱਟੀ ਪਿੱਠ ਵਾਲੇ ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਖੇਤ ਨੇੜੇ ਟਿਊਬਵੈਲ ਉੱਪਰ ਬੱਲਬ ਜਗਾ ਕੇ ਰੱਖੋ ਅਤੇ ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਕਿਸੇ ਵੀ ਕੀਟਨਾਸ਼ਕ ਜਿਵੇਂ ਕਿ 94 ਮਿਲੀਲੀਟਰ ਪੈਕਸਾਲੋਨ 10 ਐਸ. ਸੀ. ਜਾਂ 60 ਗ੍ਰਾਮ ਉਲਾਲਾ 50 ਡਬਲਯੂ. ਜੀ. ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੈਂਟ 20 ਐਸ. ਸੀ. ਜਾਂ 120 ਗ੍ਰਾਮ ਚੈਸ 50 ਡਬਲਯੂ. ਜੀ. ਜਾਂ 400 ਮਿਲੀਲੀਟਰ ਆਰਕੈਸਟਰਾ 10 ਐਸ. ਸੀ. ਜਾਂ 300 ਮਿਲੀਲੀਟਰ ਇਮੇਜਿਨ 10 ਐਸ. ਸੀ. ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਬੂਟਿਆਂ ਦੇ ਮੁੱਢਾਂ ’ਤੇ ਗੋਲ ਨੋਜ਼ਲ ਨਾਲ ਛਿੜਕਾਅ ਕਰੋ । ਉਨ੍ਹਾਂ ਨੇ ਦੱਸਿਆ ਕਿ ਝੋਨੇ ਦੀ ਫ਼ਸਲ ਵਿੱਚ ਇਸ ਬਿਮਾਰੀ ਪ੍ਰਤੀ ਪ੍ਰਤੀਰੋਧਕ ਸ਼ਕਤੀ ਵਧਾਉਣ ਲਈ ਸੰਤੁਲਿਤ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

### ਚਿੰਤਤ ਹੋਣ ਦੀ ਥਾਂ ਚੇਤੰਨ ਹੋਣ ਦੀ ਲੋੜ : ਖੇਤੀਬਾੜੀ ਅਫਸਰ

ਇਸ ਰੋਗ ਦੀ ਰੋਕਥਾਮ ਸੰਬੰਧੀ ਜਸਵਿੰਦਰ ਸਿੰਘ ਮੁੱਖ ਖੇਤੀਬਾੜੀ ਅਫਸਰ ਪਟਿਆਲਾ ਦਾ ਕਹਿਣਾ ਹੈ ਕਿ ਰੋਗ ਨੂੰ ਲੈ ਕੇ ਚਿੰਤਤ ਹੋਣ ਦੀ ਥਾਂ ਚੇਤੰਨ ਹੋ ਕੇ ਇਸ ਦੀ ਰੋਕਥਾਮ ਲਈ ਕੰਮ ਕਰਨਾ ਚਾਹੀਦਾ ਹੈ । ਉਨ੍ਹਾਂ ਪੀ. ਏ. ਯੂ. ਦੇ ਦਿਸ਼ਾ-ਨਿਰਦੇਸ਼ ਦੱਸਦਿਆਂ ਕਿਹਾ ਕਿ ਇਸ ਰੋਗ ਨੂੰ ਫੈਲਾਉਣ ਵਾਲੀ ਟਿੱਡੀ ਦੀ ਆਮਦ ਨੂੰ ਰਾਤ ਦੇ ਹਨੇਰੇ ਵਿੱਚ ਬਲਬ ਜਗ੍ਹਾ ਕੇ ਦੇਖਿਆ ਜਾ ਸਕਦਾ ਹੈ । ਫੈਲਣ ਉਪਰੰਤ ਕੋਈ ਵੀ ਕੀਟਨਾਸ਼ਕ ਦਾ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਦਾ ਘੋਲ ਬਣਾ ਕੇ ਬੂਟਿਆਂ ਦੇ ਮੁੱਢਾਂ ’ਤੇ ਛਿੜਕਾਅ ਕੀਤਾ ਜਾ ਸਕਦਾ ਹੈ ।



# ਸਾਉਣੀ ਰੁੱਤ ਦੀ ਮੂੰਗੀ ਦੀ ਸਫਲ ਕਾਸ਼ਤ



ਫਲੀਦਾਰ ਫ਼ਸਲਾਂ ਮਿੱਟੀ ਦੀ ਸਿਹਤ ਵਿੱਚ ਸੁਧਾਰ ਦੇ ਨਾਲ ਪਾਣੀ ਦੀ ਬੱਚਤ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਸਾਉਣੀ ਦੌਰਾਨ ਮੂੰਗੀ ਦੀ ਬਿਜਾਈ ਜ਼ਿਆਦਾਤਰ ਬਾਰਾਨੀ ਜਾਂ ਘੱਟ ਪਾਣੀ ਵਾਲੇ ਖੇਤਾਂ ਵਿੱਚ ਕੀਤੀ ਜਾਂਦੀ ਹੈ।

ਕਾਸ਼ਤ ਲਈ ਉੱਨਤ ਕਿਸਮਾਂ

| | ਬੂਟਿਆਂ ਦਾ ਕੱਦ | ਇੱਕ ਫਲੀ ਵਿੱਚ ਦਾਣਿਆਂ ਦੀ ਗਿਣਤੀ | ਝਾੜ (ਕੁਇੰਟਲ/ਏਕੜ) | ਪੱਕਣ ਲਈ ਸਮਾਂ | ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ |
|---|---|---|---|---|---|
| ਐਮ. ਐਲ.-1808 (2021) | 71 ਸੈਂਟੀਮੀਟਰ | 11-12 | 4.8 | 71 | ਪੀਲੀ ਚਿੱਤਕਬਰੀ ਅਤੇ ਪੱਤਿਆਂ ਦੇ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਹੈ |
| ਐਮ. ਐਲ.-2056 (2016) | 78 ਸੈਂਟੀਮੀਟਰ | 11-12 | 4.6 | 71 | |
| ਐਮ. ਐਲ.-818 (2003) | 75 ਸੈਂਟੀਮੀਟਰ | 10-11 | 4.2 | 72 | |

**ਬਿਜਾਈ ਦਾ ਸਮਾਂ** : ਮੂੰਗੀ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ। ਇੱਕ ਏਕੜ ਲਈ 8 ਕਿਲੋ ਬੀਜ ਵਰਤੋ ਅਤੇ ਜੀਵਾਣੂੰ ਖਾਦ (ਰਾਈਜ਼ੋਬੀਅਮ ਕਲਚਰ) ਦੇ ਟੀਕੇ ਨਾਲ ਸੋਧ ਕੇ ਬਿਜਾਈ ਕਰੋ। ਇਸ ਟੀਕੇ ਦੀ ਵਰਤੋਂ ਕਰਨ ਨਾਲ 12-16 ਪ੍ਰਤੀਸ਼ਤ ਝਾੜ ਵਿੱਚ ਵਾਧਾ ਹੁੰਦਾ ਹੈ।

★ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 10 ਸੈਂਟੀਮੀਟਰ ਰੱਖ ਕੇ ਡਰਿੱਲ ਕਰੋ। ਵਧੇਰੇ ਝਾੜ ਲੈਣ ਲਈ ਮੂੰਗੀ ਦੀ ਦੋ ਤਰਫਾ ਬਿਜਾਈ ਕੀਤੀ ਜਾ ਸਕਦੀ ਹੈ। ਮੂੰਗੀ ਦੀ ਬਿਜਾਈ ਬਿਨਾਂ ਖੇਤ ਵਾਹੇ ਜ਼ੀਰੋ ਟਿਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਮੂੰਗੀ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈਡ ਪਲਾਂਟਰ ਨਾਲ 67.5 ਸੈਂਟੀਮੀਟਰ ਵਿੱਥ 'ਤੇ ਤਿਆਰ ਕੀਤੇ ਬੈਡਾਂ (37.5 ਸੈਂਟੀਮੀਟਰ ਬੈਡ ਅਤੇ 30 ਸੈਂਟੀਮੀਟਰ ਖਾਲੀ) ਉੱਤੇ ਕਰਨੀ ਚਾਹੀਦੀ ਹੈ। ਮੂੰਗੀ ਦੀਆਂ ਕਤਾਰਾਂ ਪ੍ਰਤੀ ਬੈਡ 20 ਸੈਂਟੀਮੀਟਰ ਫਾਸਲੇ 'ਤੇ ਬੀਜੋ। ਬੈਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਫ਼ਸਲ ਭਾਰੀ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਬੱਚਦੀ ਹੈ।

**ਨਦੀਨਾਂ ਦੀ ਰੋਕਥਾਮ** : ਮੂੰਗੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਕਰੋ, ਪਹਿਲੀ ਗੋਡੀ ਬਿਜਾਈ ਤੋਂ 4 ਹਫਤੇ ਪਿੱਛੋਂ ਅਤੇ ਦੂਜੀ ਉਸ ਤੋਂ ਦੋ ਹਫਤਿਆਂ ਬਾਅਦ ਕਰਨੀ ਚਾਹੀਦੀ ਹੈ।

**ਖਾਦਾਂ ਅਤੇ ਸਿੰਚਾਈ** : ਮੂੰਗੀ ਦੀ ਫ਼ਸਲ ਨੂੰ ਖਾਦਾਂ ਅਤੇ ਪਾਣੀ ਦੀ ਬਹੁਤ ਘੱਟ ਲੋੜ ਹੁੰਦੀ ਹੈ। ਬਿਜਾਈ ਸਮੇਂ 11 ਕਿਲੋ ਯੂਰੀਆ ਪ੍ਰਤੀ ਏਕੜ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਡਰਿੱਲ ਕਰੋ। ਮੂੰਗੀ ਦੀ ਫ਼ਸਲ ਨੂੰ ਜੇਕਰ ਔੜ ਲੱਗਦੀ ਹੈ ਤਾਂ ਸਿੰਚਾਈ ਕਰਨੀ ਚਾਹੀਦੀ ਹੈ। ਸਾਉਣੀ ਵਿੱਚ ਫੁੱਲ ਅਤੇ ਫਲੀਆਂ ਬਣਨ ਸਮੇਂ ਫ਼ਸਲ ਨੂੰ ਸੋਕਾ ਨਹੀਂ ਲੱਗਣਾ ਚਾਹੀਦਾ। ਜੇਕਰ ਮੀਂਹ ਨਾ ਪਵੇ ਤਾਂਫਲ ਪੈਣ ਸਮੇਂ ਮੂੰਗੀ ਦੀ ਸਿੰਚਾਈ ਕਰਨੀ ਚਾਹੀਦੀ ਹੈ।

**ਵਾਢੀ ਅਤੇ ਗਹਾਈ** : ਜਦੋਂ ਮੂੰਗੀ ਦੀ ਫ਼ਸਲ ਦੀਆਂ ਤਕਰੀਬਨ 80 ਪ੍ਰਤੀਸ਼ਤ ਫਲੀਆਂ ਪੱਕ ਜਾਂਦੀਆਂ ਹਨ, ਤਾਂ ਮੂੰਗੀ ਦੀ ਵਾਢੀ ਕਰ ਲੈਣੀ ਚਾਹੀਦੀ ਹੈ ਅਤੇ ਕਣਕ ਵਾਲਾ ਥਰੈਸ਼ਰ ਕੁਝ ਤਬਦੀਲੀਆਂ ਕਰਕੇ ਗਹਾਈ ਲਈ ਵਰਤਿਆ ਜਾ ਸਕਦਾ ਹੈ।

**ਪਰਮਿੰਦਰ ਸਿੰਘ ਸੰਧੂ, ਰਮਿੰਦਰ ਸਿੰਘ ਘੁੰਮਣ ਅਤੇ ਪਰਵਿੰਦਰ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ** (ਮੋ. 98882-99130)

# ਸਾਉਣੀ ਦੇ ਪਿਆਜ਼ ਦੀ ਲਾਹੇਵੰਦ ਕਾਸ਼ਤ

**ਸਾਉਣੀ ਦੇ ਪਿਆਜ਼ ਦੀ ਚੰਗੇਰੀ ਪੈਦਾਵਾਰ ਲੈਣ ਲਈ ਛੋਟੇ ਦਿਨਾਂ (10-11 ਘੰਟੇ) ਦੀ ਲੋੜ ਪੈਂਦੀ ਹੈ। ਲੰਬੇ ਸਮੇਂ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਜ਼ਿਆਦਾ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪਿਆਜ਼ ਦੀ ਖੇਤੀ ਵਾਸਤੇ ਜ਼ਮੀਨ ਜ਼ਿਆਦਾ ਮੱਲ੍ਹੜ ਵਾਲੀ, ਰੋਗ ਮੁਕਤ ਅਤੇ ਨਦੀਨਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਜ਼ਮੀਨ ਦੀ ਪੀ. ਐੱਚ. 5.8-6.8 ਹੋਣੀ ਚਾਹੀਦੀ ਹੈ।**



ਸਾਉਣੀ ਦੇ ਪਿਆਜ਼ ਦੀ ਵਧੀਆ ਫਸਲ ਲੈਣ ਲਈ ਹੇਠ ਲਿਖੇ ਨੁਕਤਿਆਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ।

**ਮੌਸਮ ਅਤੇ ਜ਼ਮੀਨ** : ਪਿਆਜ਼ ਨੂੰ ਕਈ ਮੌਸਮਾਂ 'ਚ ਪੈਦਾ ਕੀਤਾ ਜਾ ਸਕਦਾ ਹੈ ਪਰ ਅੱਤ ਦੀ ਗਰਮੀ, ਕੜਾਕੇ ਦੀ ਠੰਢ ਅਤੇ ਜ਼ਿਆਦਾ ਬਾਰਿਸ਼ ਇਸ ਦੇ ਲਈ ਅਨੁਕੂਲ ਨਹੀਂ ਮੰਨੇ ਜਾਂਦੇ। ਪਤਰਾਲ ਦੇ ਵਾਧੇ ਲਈ 12.8-23 ਡਿਗਰੀ ਸੈਂਟੀਗ੍ਰੇਡ ਅਤੇ ਗੰਢੀਆਂ ਦੇ ਵਾਧੇ ਲਈ 20-25 ਡਿਗਰੀ ਸੈਂਟੀਗ੍ਰੇਡ ਵਧੀਆ ਮੰਨਿਆ ਜਾਂਦਾ ਹੈ। ਸਾਉਣੀ ਦੇ ਪਿਆਜ਼ ਦੀ ਚੰਗੇਰੀ ਪੈਦਾਵਾਰ ਲੈਣ ਲਈ ਛੋਟੇ ਦਿਨਾਂ (10-11 ਘੰਟੇ) ਦੀ ਲੋੜ ਪੈਂਦੀ ਹੈ। ਲੰਬੇ ਸਮੇਂ ਜ਼ਿਆਦਾ ਠੰਢ ਪੈਣ ਨਾਲ ਪਿਆਜ਼ ਜ਼ਿਆਦਾ ਨਿਸਰਦਾ ਹੈ ਅਤੇ ਜ਼ਿਆਦਾ ਗਰਮੀ ਕਾਰਨ ਗੰਢੇ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪਿਆਜ਼ ਦੀ ਖੇਤੀ ਵਾਸਤੇ ਜ਼ਮੀਨ ਜ਼ਿਆਦਾ ਮੱਲ੍ਹੜ ਵਾਲੀ, ਰੋਗ ਮੁਕਤ ਅਤੇ ਨਦੀਨਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਜ਼ਮੀਨ ਦੀ ਪੀ.ਐੱਚ. 5.8-6.8 ਹੋਣੀ ਚਾਹੀਦੀ ਹੈ।

### ਸਾਉਣੀ ਦੇ ਪਿਆਜ਼ ਦੀ ਉੱਨਤ ਕਿਸਮ

**ਐਗਰੀਫੌਂਡ ਡਾਰਕ ਰੈੱਡ** : ਇਸ ਕਿਸਮ ਦੇ ਬੂਟੇ ਦਰਮਿਆਨੇ ਕੱਦ ਅਤੇ ਹਲਕੇ ਹਰੇ ਰੰਗ ਦੇ ਹੁੰਦੇ ਹਨ। ਗੰਢੇ ਇਕਸਾਰ ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ (70-80 ਗ੍ਰਾਮ) ਗੋਲ ਅਤੇ ਘੁੱਟਵੇਂ ਛਿਲਕੇ ਅਤੇ ਦਰਮਿਆਨੀ ਕੁੜੱਤਣ ਵਾਲੇ ਹੁੰਦੇ ਹਨ। ਇਸ ਦਾ ਔਸਤ ਝਾੜ 120 ਕੁਇੰਟਲ ਪ੍ਰਤੀ ਏਕੜ ਹੈ।

ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਸਾਉਣੀ ਦੇ ਮੌਸਮ ਦੌਰਾਨ ਕੇਵਲ ਉਨ੍ਹਾਂ ਕਿਸਮਾਂ ਦੀ ਚੋਣ ਕਰੋ, ਜਿਨ੍ਹਾਂ ਨੂੰ ਗੰਢੀਆਂ ਬਣਾਉਣ ਲਈ ਛੋਟੇ ਦਿਨਾਂ ਦੀ ਜ਼ਰੂਰਤ ਹੁੰਦੀ ਹੈ।

### ਕਾਸ਼ਤ ਦੇ ਢੰਗ

**ਬਿਜਾਈ ਦਾ ਸਮਾਂ** : ਸਾਉਣੀ ਦੇ ਪਿਆਜ਼ ਦੀ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ ਅੱਧ ਜੂਨ ਹੈ।

**ਬੀਜ ਦੀ ਮਾਤਰਾ** : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 5 ਕਿਲੋ ਬੀਜ ਦੀ ਮਾਤਰਾ ਲੋੜੀਂਦੀ ਹੈ। ਬੀਜ ਦੀ ਜੰਮ ਸ਼ਕਤੀ ਨੂੰ ਧਿਆਨ 'ਚ



ਰੱਖਦੇ ਹੋਏ ਬੀਜ ਭਰੋਸੇਮੰਦ ਥਾਂ ਤੋਂ ਹੀ ਲਓ।

**ਪਨੀਰੀ ਤਿਆਰ ਕਰਨਾ** : ਸਾਉਣੀ ਦੇ ਪਿਆਜ਼ ਦੀ ਪਨੀਰੀ ਬੀਜਣ ਦਾ ਸਭ ਤੋਂ ਢੁੱਕਵਾਂ ਸਮਾਂ ਅੱਧ ਜੂਨ ਹੈ। ਪਨੀਰੀ ਬੀਜਣ ਲਈ ਜ਼ਮੀਨ ਦੀ ਪੱਧਰ ਤੋਂ 20 ਸੈਂਟੀਮੀਟਰ ਉੱਚੀਆਂ ਅਤੇ 1 ਤੋਂ 1.5 ਮੀਟਰ ਚੌੜੀਆਂ ਕਿਆਰੀਆਂ ਬਣਾਓ। ਪਨੀਰੀ ਦੀ ਲੋੜ ਅਨੁਸਾਰ ਕਿਆਰੀਆਂ ਬਣਾਉਣੀਆਂ ਚਾਹੀਦੀਆਂ ਹਨ। ਇਕ ਏਕੜ 'ਚ ਬੀਜੀ ਪਨੀਰੀ 20 ਏਕੜ 'ਚ ਲਾਈ ਜਾ ਸਕਦੀ ਹੈ। ਪਨੀਰੀ ਵਾਲੀ ਥਾਂ ਵਿਚ 125 ਕਿਲੋ ਗਲੀ-ਸੜੀ ਰੂੜੀ ਪ੍ਰਤੀ ਮਰਲੇ (25 ਵਰਗ ਮੀਟਰ) ਦੇ ਹਿਸਾਬ ਨਾਲ ਪਾਓ। ਪਨੀਰੀ ਬੀਜਣ ਵਾਲਾ ਖੇਤ ਪੱਧਰਾ ਹੋਣਾ ਚਾਹੀਦਾ ਹੈ। ਪਨੀਰੀ ਨੂੰ ਬਿਮਾਰੀ ਨਾ ਲੱਗੇ, ਇਸ ਲਈ ਇੱਕੋ ਥਾਂ 'ਤੇ ਪਨੀਰੀ ਵਾਰ-ਵਾਰ ਨਹੀਂ ਬੀਜਣੀ ਚਾਹੀਦੀ। ਬੀਜਾਈ ਤੋਂ ਪਹਿਲਾਂ ਬੀਜ ਨੂੰ ਬੀਜ ਨੂੰ 3 ਗ੍ਰਾਮ ਥੀਰਮ ਜਾਂ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਬੀਜ ਨੂੰ ਕਤਾਰਾਂ 'ਚ ਇਕਸਾਰ ਅਤੇ ਵਿਰਲਾ ਬੀਜਣਾ ਚਾਹੀਦਾ ਹੈ ਤਾਂ ਕਿ ਸਿਹਤਮੰਦ ਤੇ ਮੋਟੀ ਪਨੀਰੀ ਤਿਆਰ ਕੀਤੀ ਜਾ ਸਕੇ।

ਬੀਜ ਬੀਜਣ ਤੋਂ ਬਾਅਦ ਕਤਾਰਾਂ ਨੂੰ ਗਲੀ-ਸੜੀ ਰੂੜੀ ਦੀ ਹਲਕੀ ਜਿਹੀ ਤਹਿ ਨਾਲ ਢੱਕ ਦਿਓ। ਬਿਜਾਈ ਚੰਗੀ ਵੱਤਰ 'ਚ ਕਰੋ। ਪਹਿਲੀ ਸਿੰਚਾਈ ਬਿਜਾਈ ਦੇ ਤੁਰੰਤ ਪਿੱਛੋਂ ਫੁਆਰੇ ਨਾਲ ਕਰੋ। ਪਨੀਰੀ ਦੀਆਂ ਕਿਆਰੀਆਂ ਨੂੰ ਦਿਨ 'ਚ ਸਵੇਰੇ ਅਤੇ ਸ਼ਾਮ ਦੋ ਵਾਰ ਪਾਣੀ ਦਿਓ। ਗਰਮੀ ਦੇ ਪ੍ਰਕੋਪ ਤੋਂ ਬਚਾਅ ਲਈ ਪਨੀਰੀ ਉਸ ਥਾਂ ਬੀਜੋ, ਜਿੱਥੇ ਸਿੱਧੀ ਧੁੱਪ ਨਾ ਪੈਂਦੀ ਹੋਵੇ। ਦੁਪਹਿਰ ਵੇਲੇ ਵਧੇਰੇ ਤਾਪਮਾਨ ਤੋਂ ਬਚਾਅ ਲਈ ਕਿਆਰੀਆਂ ਨੂੰ ਢਕ ਦਿਓ। ਡੇਢ ਮੀਟਰ ਚੌੜੀਆਂ ਕਿਆਰੀਆਂ ਨੂੰ ਢਕਣ ਲਈ ਘਾਹ-ਫੂਸ ਜਾਂ ਕਿਸੇ ਦੂਸਰੀ ਫਸਲ ਦੇ ਪੱਤਿਆਂ-ਤਣਿਆਂ ਆਦਿ ਤੋਂ ਤਿਆਰ ਛੱਪਰੀਆਂ ਬਣਾ ਕੇ 1.5 ਮੀਟਰ ਦੀ ਉਚਾਈ ਤੇ ਉੱਤਰ-ਦੱਖਣ ਦਿਸ਼ਾ 'ਚ ਵਰਤੋ। ਇਹ ਛੱਪਰੀਆਂ ਇਕ ਮਹੀਨੇ ਬਾਅਦ ਜਦੋਂ ਬੂਟੇ ਮਜ਼ਬੂਤ ਹੋ ਜਾਣ ਤਾਂ ਉਤਾਰ ਦੇਣੀਆਂ ਚਾਹੀਦੀਆਂ ਹਨ।

**ਪਨੀਰੀ ਪੁੱਟ ਕੇ ਖੇਤ 'ਚ ਲਾਉਣਾ** : 6 ਤੋਂ 8 ਹਫਤਿਆਂ ਪਿੱਛੋਂ ਪਨੀਰੀ ਤਿਆਰ ਹੋ ਜਾਂਦੀ ਹੈ, ਜੋ ਕਿ ਅਗਸਤ ਦੇ ਪਹਿਲੇ ਹਫਤੇ 'ਚ ਪੁੱਟ ਕੇ ਖੇਤ ਵਿਚ ਲਾ ਦੇਣੀ ਚਾਹੀਦੀ ਹੈ। ਚੰਗਾ ਝਾੜ ਲੈਣ ਲਈ ਨਰੋਈ ਪਨੀਰੀ ਨੂੰ ਕਤਾਰਾਂ ਵਿਚ 15 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦੀ ਦੂਰੀ ਤੇ ਲਗਾਓ। ਪਨੀਰੀ ਹਮੇਸ਼ਾ ਸ਼ਾਮ ਵੇਲੇ ਖੇਤ ਵਿਚ ਲਾਉ ਅਤੇ ਤੁਰੰਤ ਪਿਛੋਂ ਪਾਣੀ ਦਿਓ। ਬਾਅਦ ਵਿਚ ਪਾਣੀ ਲੋੜ ਅਨੁਸਾਰ ਲਾਉਂਦੇ ਰਹੋ। ਜੂਨ ਦੇ ਅਖੀਰ 'ਚ 1.5-2.5 ਸੈਂ.ਮੀ. ਘੇਰੇ ਵਾਲੀਆਂ ਗੰਢੀਆਂ (ਬਿਜਾਈ ਮਾਰਚ ਦੇ ਅੱਧ 'ਚ) ਨੂੰ ਪੁੱਟ ਕੇ ਹਵਾਦਾਰ ਥਾਂ 'ਤੇ ਸੰਭਾਲ ਲਓ ਅਤੇ ਅਗਸਤ ਦੇ ਅੱਧ 'ਚ ਖੇਤ 'ਚ ਲਗਾਓ। ਇਨ੍ਹਾਂ ਨੂੰ ਬੈੱਡ ਉੱਪਰ ਲਾਉਣ ਨਾਲ ਆਕਾਰ 'ਚ ਸੁਧਾਰ ਹੁੰਦਾ ਹੈ। ਬੈੱਡ ਦਾ ਆਧਾਰ 60 ਸੈ. ਮੀ. ਅਤੇ ਉਚਾਈ 10 ਸੈਂ. ਮੀ. ਹੋਣੀ ਚਾਹੀਦੀ ਹੈ। ਇਹ ਸਿਫਾਰਸ਼ ਪਾਣੀ ਦੇ ਘੱਟ ਨਿਕਾਸ ਵਾਲੀਆਂ ਭਾਰੀਆਂ ਜ਼ਮੀਨਾਂ ਲਈ ਢੁੱਕਵੀਂ ਹੈ।

**ਖਾਦਾਂ** : 20 ਟਨ ਗਲੀ-ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪਨੀਰੀ ਲਾਉਣ ਤੋਂ ਪਹਿਲਾਂ ਅਤੇ ਬਾਕੀ ਦੀ ਅੱਧੀ ਨਾਈਟ੍ਰੋਜਨ ਪੌਦੇ ਲਾਉਣ ਤੋਂ ਚਾਰ ਹਫਤੇ ਬਾਅਦ ਛੱਟੇ ਨਾਲ ਪਾਓ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਪਨੀਰੀ ਲਾਉਣ ਤੋਂ ਤਿੰਨ ਹਫਤੇ ਪਿੱਛੋਂ ਕਰੋ। ਬਾਕੀ ਗੋਡੀਆਂ 15 ਦਿਨ ਦੇ ਵਕਫੇ ਤੇ ਕਰਦੇ ਰਹੋ। ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਗੰਢਿਆਂ ਦੀ ਪਨੀਰੀ ਲਾਉਣ ਤੋਂ ਅੰਦਰ-ਅੰਦਰ ਕਰੋ ਅਤੇ ਲੋੜ ਪੈਣ ਤੇ 60 ਦਿਨਾਂ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਪੁਟਾਈ** : ਫਸਲ ਨਵੰਬਰ ਦੇ ਅਖੀਰ ਜਾਂ ਦਸੰਬਰ ਦੇ ਪਹਿਲੇ ਹਫਤੇ ਤੱਕ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਸਾਉਣੀ ਰੁੱਤ ਦੀ ਫਸਲ ਨੂੰ ਹਰੇ ਪਿਆਜ਼ ਦੇ ਤੌਰ 'ਤੇ ਵੇਚਿਆ ਜਾ ਸਕਦਾ ਹੈ। ਪਿਆਜ਼ਾਂ ਦੀ ਸੰਭਾਲ ਸ਼ਕਤੀ ਵਧਾਉਣ ਲਈ ਪੁਟਾਈ ਕੀਤੀ ਫਸਲ ਨੂੰ ਭੂਕਾਂ ਸਮੇਤ ਸਟੋਰ ਕਰੋ, ਮੰਡੀਕਰਨ ਸਮੇਂ ਭੂਕਾਂ ਵੱਢ ਦੇਣੀਆਂ ਚਾਹੀਦੀਆਂ ਹਨ।

**- ਸੰਜੀਵ ਅਹੂਜਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ**

# ਝੋਨੇ ਅਤੇ ਬਾਸਮਤੀ ਦੇ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਓ

ਕਮਲਜੀਤ ਸਿੰਘ ਸੂਰੀ ਅਤੇ ਰੂਬਲਜੋਤ ਕੂੰਨਰ, ਕੀਟ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98159-02788)

**ਝੋਨੇ ਅਤੇ ਬਾਸਮਤੀ ਦਾ ਸਾਉਣੀ ਰੁੱਤ ਦੀਆਂ ਫਸਲਾਂ ਵਿਚ ਇਕ ਮਹੱਤਵਪੂਰਨ ਸਥਾਨ ਹੈ । ਇਨ੍ਹਾਂ ਫਸਲਾਂ ਦੀ ਪੈਦਾਵਾਰ ਘਟਾਉਣ ਵਾਲੇ ਅਨੇਕਾਂ ਕਾਰਨਾਂ ਵਿੱਚੋਂ ਕੀੜੇ-ਮਕੌੜਿਆਂ ਦੁਆਰਾ ਹੋਣ ਵਾਲਾ ਨੁਕਸਾਨ ਮਹੱਤਵਪੂਰਨ ਹੈ । ਇਨ੍ਹਾਂ ਹਾਨੀਕਾਰਕ ਕੀੜਿਆਂ ਦੀ ਸਮੇਂ ਸਿਰ ਅਤੇ ਸੁਚੱਜੇ ਢੰਗਾਂ ਨਾਲ ਰੋਕਥਾਮ, ਇਨ੍ਹਾਂ ਫਸਲਾਂ ਦੀ ਕਾਸ਼ਤ ਕਰਨ ਵਾਲੇ ਕਿਸਾਨ ਵੀਰਾਂ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੁੰਦੀ । ਇਨ੍ਹਾਂ ਕੀੜਿਆਂ ਦੇ ਹਮਲੇ ਨੂੰ ਆਰਥਿਕ ਕਗਾਰ/ਇਕਨੌਮਿਕ ਥਰੈਸ਼ਹੋਲਡ ਲੈਵਲ (ਨੁਕਸਾਨ ਕਰਨ ਦੀ ਮਿੱਥੀ ਹੱਦ) ਤੋਂ ਹੇਠਾਂ ਰੱਖਣਾ ਜ਼ਰੂਰੀ ਹੈ । ਸੋ ਝੋਨੇ ਅਤੇ ਬਾਸਮਤੀ ਦੀ ਫਸਲ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸਿਫਾਰਸ਼ ਹੇਠਾਂ ਦਿੱਤੀ ਹਾਨੀਕਾਰਨ ਕੀੜਿਆਂ ਦੀ ਬਹੁਪੱਖੀ ਰੋਕਥਾਮ ਤਕਨੀਕੀ ਨੂੰ ਅਮਲ 'ਚ ਲਿਆਓ ਤਾਂ ਜੋ ਇਨ੍ਹਾਂ ਫਸਲਾਂ ਤੋਂ ਲਾਹੇਵੰਦ ਝਾੜ ਲਿਆ ਜਾ ਸਕੇ ।**

**1. ਤਣੇ ਦੇ ਗੜੂੰਏ**

ਇਨ੍ਹਾਂ ਨੂੰ ਗੋਭ ਦੀਆਂ ਸੁੰਡੀਆਂ ਵੀ ਆਖਦੇ ਹਨ ਜੋ ਕਿ ਫਸਲ ਦਾ ਨੁਕਸਾਨ ਜੁਲਾਈ ਤੋਂ ਅਕਤੂਬਰ ਤੱਕ ਕਰਦੀਆਂ ਹਨ । ਇਨ੍ਹਾਂ ਦੀਆਂ ਤਿੰਨੇ ਕਿਸਮਾਂ ਅਰਥਾਤ ਪੀਲੀ, ਚਿੱਟੀ ਅਤੇ ਗੁਲਾਬੀ, ਫਸਲ ਦਾ ਇੱਕੋ ਜਿਹਾ ਨੁਕਸਾਨ



ਕਰਦੀਆਂ ਹਨ । ਪੀਲੀਆਂ ਅਤੇ ਚਿੱਟੀਆਂ ਸੁੰਡੀਆਂ ਮੁੰਜਰਾਂ ਪੈਣ ਤੋਂ ਪਹਿਲਾਂ ਜਦੋਂ ਕਿ ਗੁਲਾਬੀ ਸੁੰਡੀਆਂ ਮੁੰਜਰਾਂ ਪੈਣ ਸਮੇਂ ਅਤੇ ਬਾਅਦ ਵਿਚ ਫਸਲ ਦਾ ਨੁਕਸਾਨ ਕਰਦੀਆਂ ਹਨ । ਪੀਲੀਆਂ ਸੁੰਡੀਆਂ ਦੇ ਪਤੰਗਿਆਂ ਦੇ ਅਗਲੇ ਖੰਭ ਪੀਲੇ ਹੁੰਦੇ ਹਨ ਅਤੇ ਇਨ੍ਹਾਂ ਉੱਤੇ ਕਾਲਾ ਨਿਸ਼ਾਨ ਵੀ ਹੁੰਦਾ ਹੈ । ਸਰੀਰ ਦੇ ਆਖਰੀ ਭਾਗਾਂ ਤੇ ਭੂਰੇ-ਪੀਲੇ ਰੰਗ ਦੇ ਰੇਸ਼ਮੀ ਵਾਲ (ਪੂਛ ਜਿਹੀ ਦੀ ਸ਼ਕਲ 'ਚ) ਹੁੰਦੇ ਹਨ । ਚਿੱਟੀਆਂ ਸੁੰਡੀਆਂ ਦੇ ਪਤੰਗਿਆਂ ਦੇ ਖੰਭ ਚਿੱਟੇ ਅਤੇ ਚਮਕੀਲੇ ਹੁੰਦੇ ਹਨ । ਪਰ ਗੁਲਾਬੀ ਸੁੰਡੀਆਂ ਦੇ ਪਤੰਗਿਆਂ ਦਾ ਰੰਗ ਭੂਰਾ ਹੁੰਦਾ ਹੈ ।

ਤਣੇ ਦੇ ਗੜੂੰਏਂ ਦੀਆਂ ਸਾਰੀਆਂ ਸੁੰਡੀਆਂ ਦੇ ਨੁਕਸਾਨ ਕਰਨ ਦਾ ਢੰਗ ਇਕੋ ਜਿਹਾ ਹੈ । ਸੁੰਡੀ ਤਣੇ ਅੰਦਰ ਦਾਖਲ ਹੋ ਕੇ ਇਸਦੀ ਗੋਭ ਨੂੰ ਹੇਠੋਂ ਕੱਟ ਦਿੰਦੀ ਹੈ । ਜਿਸ ਦੇ ਨਾਲ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ । ਇਨ੍ਹੀ ਸੁੱਕੀਆਂ ਗੋਭਾਂ ਨੂੰ ਅੰਗਰੇਜ਼ੀ ਵਿਚ ''ਡੈਡ ਹਾਰਟਸ' ਆਖਦੇ ਹਨ । ਜੇਕਰ ਸੁੰਡੀਆਂ ਦਾ ਹਮਲਾ ਮੁੰਜਰਾਂ ਪੈਣ ਸਮੇਂ ਹੋਵੇ ਤਾਂ ਹਮਲੇ ਵਾਲੀਆਂ ਗੋਭਾਂ ਦੀਆਂ ਮੁੰਜਰਾਂ ਸੁੱਕ ਜਾਂਦੀਆਂ ਹਨ, ਇਨ੍ਹਾਂ ਵਿਚ ਦਾਣੇ ਨਹੀਂ ਬਣਦੇ ਅਤੇ ਇਨ੍ਹਾਂ ਦਾ ਰੰਗ ਚਿੱਟਾ ਹੁੰਦਾ ਹੈ । ਅਜਿਹੀਆਂ ਦਾਨਿਆਂ ਤੋਂ ਸਖਣੀਆਂ 'ਚਿੱਟੀਆਂ ਮੁੰਜਰਾਂ' ਖੇਤ ਵਿਚ ਦੂਰੋਂ ਹੀ ਬੜੀ ਅਸਾਨੀ ਨਾਲ ਦੇਖੀਆਂ ਜਾ ਸਕਦੀਆਂ ਹਨ । ਅਜਿਹੀਆਂ ਸੁੱਕੀਆਂ ਗੋਭਾਂ ਅਸਾਨੀ ਨਾਲ ਬੂਟਿਆਂ ਵਿੱਚੋਂ ਖਿੱਚੀਆਂ ਜਾ ਸਕਦੀਆਂ ਹਨ ।

**ਰੋਕਥਾਮ :**

**ੳ) ਸਮੇਂ ਸਿਰ ਬਿਜਾਈ** : ਸਿਫਾਰਿਸ਼ ਕੀਤੇ ਸਮੇਂ ਅਨੁਸਾਰ ਹੀ ਝੋਨੇ ਦੀ ਬਿਜਾਈ ਕਰੋ । ਇਸ ਨਾਲ ਪੀਲੀਆਂ ਅਤੇ ਚਿੱਟੀਆਂ ਸੁੰਡੀ ਨੂੰ ਵਧਣ ਫੁੱਲਣ ਲਈ ਘੱਟ ਸਮਾਂ ਮਿਲੇਗਾ ਅਤੇ ਇਨ੍ਹਾਂ ਦੀ ਗਿਣਤੀ ਨਹੀਂ ਵਧੇਗੀ ।

**ਅ) ਰੋਕਥਾਮ ਦੇ ਆਮ ਢੰਗ** : ਇਹ ਗੜੂੰਏਂ ਆਮ ਤੌਰ ਤੇ ਆਪਣੇ ਆਂਡੇ ਪੱਤਿਆਂ ਦੇ ਸਿਰਿਆਂ ਉੱਤੇ ਦਿੰਦੇ ਹਨ । ਇਸ ਲਈ ਪਨੀਰੀ ਨੂੰ ਖੇਤਾਂ ਵਿਚ ਲਾਉਣ ਸਮੇਂ ਪੌਦੇ ਦੇ ਪੱਤਿਆਂ ਦੇ ਸਿਰਿਆਂ ਨੂੰ ਕੱਟ ਦਿਓ ਤਾਂ ਕਿ ਅੰਡਿਆਂ ਦਾ ਨਾਸ਼ ਹੋ ਜਾਵੇ ਅਤੇ ਗੜੂੰਏਂ ਦੀ ਗਿਣਤੀ ਖੜੀ ਫਸਲ ਤੇ ਘੱਟ ਜਾਵੇ ।

**ੲ) ਰਸਾਇਣਕ ਰੋਕਥਾਮ** : ਖੇਤ ਵਿਚ ਖੜ੍ਹੀ ਫਸਲ ਦਾ ਇਨ੍ਹਾਂ ਸੁੰਡੀਆਂ ਦੇ ਹਮਲੇ ਲਈ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਗੈਰ-ਬਾਸਮਤੀ ਝੋਨੇ ਵਿਚ 5 ਫੀਸਦੀ ਜਾਂ ਵਧੇਰੇ ਸੁੱਕੀਆਂ ਗੋਭਾਂ (ਆਰਥਿਕ ਕਗਾਰ ਪੱਧਰ) ਅਤੇ ਬਾਸਮਤੀ ਝੋਨੇ ਵਿਚ 2 ਫੀਸਦੀ ਜਾਂ ਵਧੇਰੇ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਸਿਫਾਰਸ਼ ਕੀਟਨਾਸ਼ਕਾਂ ਦੀ ਵਰਤੋਂ ਸਾਰਣੀ ਅਨੁਸਾਰ ਕਰੋ ।

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 30
ਮਿਤੀ 26-07-2025

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Vargini Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਪੰਜਾਬ ਵਿੱਚ ਵਧ-ਫੁੱਲ ਰਿਹੈ ਮੱਛੀ ਪਾਲਣ ਖੇਤਰ

## ਸਾਲਾਨਾ 2 ਲੱਖ ਮੀਟਰਕ ਟਨ ਤੱਕ ਪਹੁੰਚਿਆ ਮੱਛੀ ਉਤਪਾਦਨ

ਕੌਮੀ ਮੱਛੀ ਪਾਲਕ ਦਿਵਸ ਮੌਕੇ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਮੱਛੀ ਪਾਲਣ ਖੇਤਰ ਲਗਾਤਾਰ ਵੱਧ-ਫੁੱਲ ਰਿਹਾ ਹੈ ਅਤੇ ਸੂਬੇ ਵਿੱਚ ਪਾਣੀ ਦੇ ਕੁਦਰਤੀ ਸਰੋਤਾਂ, ਨਿੱਜੀ ਤਲਾਬਾਂ ਅਤੇ ਛੱਪੜਾਂ 'ਚੋਂ ਸਾਲਾਨਾ 2 ਲੱਖ ਮੀਟ੍ਰਿਕ ਟਨ ਮੱਛੀ ਪੈਦਾ ਕੀਤੀ ਜਾ ਰਹੀ ਹੈ। ਮੱਛੀ ਪਾਲਣ ਖੇਤਰ ਦੀ ਪ੍ਰਗਤੀ 'ਤੇ ਚਾਨਣਾ ਪਾਉਂਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਸਮੇਂ 43,683 ਏਕੜ ਤੋਂ ਵੱਧ ਰਕਬਾ ਮੱਛੀ ਪਾਲਣ ਅਧੀਨ ਅਤੇ ਕਰੀਬ 985 ਏਕੜ ਰਕਬਾ ਝੀਂਗਾ ਪਾਲਣ ਅਧੀਨ ਹੈ, ਜੋ ਰਾਜ ਵਿੱਚ ਜਲ-ਜੀਵਾਂ ਦੇ ਪਾਲਣ-ਪੋਸ਼ਣ ਦੇ ਵਧ ਰਹੇ ਰੁਝਾਨ ਨੂੰ ਦਰਸਾਉਂਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਮੱਛੀ ਪਾਲਣ ਖੇਤਰ ਦੇ ਵਿਕਾਸ ਲਈ 16 ਸਰਕਾਰੀ ਮੱਛੀ ਪੂੰਗ ਫਾਰਮ, 11 ਮੱਛੀ ਫੀਡ ਮਿੱਲਾਂ ਅਤੇ 7 ਲੈਬਾਟਰੀਆਂ ਸਰਗਰਮੀ ਨਾਲ ਸੂਬੇ ਦੇ ਕਿਸਾਨਾਂ ਦੀ ਮਦਦ ਲਈ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 637 ਮੱਛੀ ਪਾਲਕਾਂ ਨੂੰ ਮੱਛੀ ਪਾਲਣ ਦੇ ਵੱਖ-ਵੱਖ ਪ੍ਰੋਜੈਕਟਾਂ ਤਹਿਤ 30.64 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ ਜਿਸ ਵਿੱਚ ਮੱਛੀ ਅਤੇ ਝੀਂਗਾ ਪਾਲਣ ਲਈ ਤਲਾਅ ਦੀ ਉਸਾਰੀ, ਮੱਛੀ ਫੀਡ ਮਿੱਲਾਂ, ਰੀਸਰਕੁਲੇਟਰੀ ਐਕੁਆਕਲਚਰ ਸਿਸਟਮ (ਆਰਏਐਸ), ਬਾਇਓਫਲੌਕ-ਕਲਚਰ ਸਿਸਟਮ, ਆਈਸ ਬਾਕਸ ਦੀ ਸਹੂਲਤ ਵਾਲੇ ਇੰਸੂਲੇਟਿਡ ਵਾਹਨ, ਮੋਟਰਸਾਈਕਲ ਅਤੇ ਆਟੋ-ਰਿਕਸ਼ਾ ਸ਼ਾਮਲ ਹਨ, ਜਿਨ੍ਹਾਂ 'ਤੇ 40 ਤੋਂ 60 ਫੀਸਦ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਇਸ ਦੇ ਨਾਲ ਹੀ ਸਾਫ਼-ਸੁਥਰੇ ਵਾਤਾਵਰਣ ਵਿੱਚ ਮੱਛੀ ਅਤੇ ਮੱਛੀ ਉਤਪਾਦਾਂ ਦੀ ਵਿਕਰੀ ਲਈ 8 ਪ੍ਰਾਈਵੇਟ ਫਿਸ਼ ਕਿਓਸਕ ਵੀ ਸਥਾਪਤ ਕੀਤੇ ਗਏ ਹਨ।

ਸੂਬੇ ਦੇ ਮੱਛੀ ਪਾਲਕਾਂ ਨੂੰ ਕੌਮੀ ਮੱਛੀ ਪਾਲਕ ਦਿਹਾੜੇ ਮੌਕੇ ਨਿੱਘੀਆਂ ਸ਼ੁਭਕਾਮਨਾਵਾਂ ਦਿੰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਮੱਛੀ ਪਾਲਣ ਖੇਤਰ ਚੰਗੀ ਤਰ੍ਹਾਂ ਵਧ-ਫੁੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਨ੍ਹਾਂ ਯਤਨਾਂ ਨੇ ਮੱਛੀ ਪਾਲਣ ਅਤੇ ਸਹਾਇਕ ਉਦਯੋਗਾਂ ਵਿੱਚ ਵਿਕਾਸ ਲਈ ਵਿਸ਼ਾਲ ਸੰਭਾਵਨਾਵਾਂ ਪੈਦਾ ਕਰਨ ਦੇ ਨਾਲ-ਨਾਲ ਮੱਛੀ ਅਤੇ ਝੀਂਗਾ ਪ੍ਰੋਸੈਸਿੰਗ ਲਈ ਵਿਕਾਸ ਦੇ ਨਵੇਂ ਰਾਹ ਖੋਲ੍ਹੇ ਹਨ। ਇਸ ਪ੍ਰਗਤੀ ਸਦਕਾ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਮੱਛੀ ਪਾਲਣ ਮੰਤਰੀ ਨੇ ਸੂਬੇ ਦੇ ਨੌਜਵਾਨਾਂ ਨੂੰ ਮੱਛੀ ਪਾਲਣ ਦੇ ਕਿੱਤੇ ਨੂੰ ਸਵੈ-ਰੁਜ਼ਗਾਰ ਦੇ ਇੱਕ ਫਾਇਦੇਮੰਦ ਮੌਕੇ ਵਜੋਂ ਦੇਖਣ ਦੀ ਅਪੀਲ ਕਰਦਿਆਂ ਇਸ ਉੱਦਮ ਨੂੰ ਅਪਣਾ ਕੇ ਰਾਜ ਦੇ ਆਰਥਿਕ ਵਿਕਾਸ ਵਿੱਚ ਭਾਈਵਾਲ ਬਣਨ ਲਈ ਕਿਹਾ।

# ਭਿੰਡੀ ਦੀ ਫਸਲ ਦੇ ਕੀੜੇ-ਮਕੌੜਿਆਂ ਦੀ ਪਹਿਚਾਣ ਅਤੇ ਸਰਵਪੱਖੀ ਰੋਕਥਾਮ



**ਭਿੰਡੀ ਦੀ ਫਸਲ ਨੂੰ ਕਈ ਤਰ੍ਹਾਂ ਦੇ ਕੀੜੇ-ਮਕੌੜੇ ਲੱਗ ਜਾਂਦੇ ਹਨ, ਜਿਨ੍ਹਾਂ ਵਿਚ ਤੇਲਾ, ਚਿਤਕਬਰੀ ਸੁੰਡੀ ਅਤੇ ਚਿੱਟੀ ਮੱਖੀ ਪ੍ਰਮੁੱਖ ਹਨ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਨਾ ਕੇਵਲ ਕੀਟਨਾਸ਼ਕ ਬਲਕਿ ਹੋਰ ਵੀ ਰੋਕਥਾਮ ਦੇ ਤਰੀਕੇ ਅਪਣਾ ਕੇ ਖਰਚਾ ਅਤੇ ਵਾਤਾਵਰਣ ਦਾ ਪ੍ਰਦੂਸ਼ਣ ਘਟਾਇਆ ਜਾ ਸਕਦਾ ਹੈ ਅਤੇ ਮਨੁੱਖੀ ਸਿਹਤ ਨੂੰ ਖੇਤੀ ਜ਼ਹਿਰਾਂ ਦੇ ਮਾੜੇ ਪ੍ਰਭਾਵ ਤੋਂ ਵੀ ਬਚਾਇਆ ਜਾ ਸਕਦਾ ਹੈ। ਇਨ੍ਹਾਂ ਕੀੜੇ ਮਕੌੜਿਆਂ ਦੀ ਪਹਿਚਾਣ, ਹਮਲੇ ਦੀਆਂ ਨਿਸ਼ਾਨੀਆਂ ਅਤੇ ਰੋਕਥਾਮ ਦੇ ਤਰੀਕੇ ਹੇਠਾਂ ਦਿੱਤੇ ਗਏ ਹਨ।**

**ਤੇਲਾ (ਜੈਸਿਡ)** : ਇਸ ਦੇ ਬੱਚੇ ਅਤੇ ਬਾਲਗ ਦੋਨੋਂ ਹੀ ਪੱਤਿਆਂ ਦਾ ਰਸ ਚੂਸ ਕੇ ਫਸਲ ਦਾ ਨੁਕਸਾਨ ਕਰਦੇ ਹਨ। ਇਹ ਕੀੜਾ ਭਿੰਡੀ ਦੀ ਫਸਲ ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦਾ ਹੈ। ਹਮਲੇ ਵਾਲੇ ਪੱਤਿਆਂ ਦਾ ਰੰਗ ਪਹਿਲਾ ਹਲਕਾ ਪੀਲਾ, ਫਿਰ ਲਾਲੀ ਤੇ ਹੋ ਜਾਂਦਾ ਹੈ। ਪ੍ਰਭਾਵਿਤ ਪੱਤੇ ਉੱਪਰ ਵੱਲ ਮੁੜ ਜਾਂਦੇ ਹਨ, ਠੂਠੀ ਪੈ ਜਾਂਦੀ ਹੈ ਅਤੇ ਬਾਅਦ ਵਿਚ ਸੁੱਕ ਕੇ ਜ਼ਮੀਨ ਉੱਪਰ ਡਿੱਗ ਜਾਂਦੇ ਹਨ।

**ਰੋਕਥਾਮ** : ਜੇਕਰ ਤੇਲੇ ਦੀ ਗਿਣਤੀ ਪ੍ਰਤੀ ਪੱਤੇ ਤੇ 4 ਬੱਚੇ ਹੋ ਜਾਵੇ ਤਾਂ ਇਸ ਦੀ ਰੋਕਥਾਮ ਲਈ 2 ਲੀਟਰ *ਪੀ ਏ ਯੂ ਨਿੰਮ ਦਾ ਘੋਲ ਜਾਂ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਵੱਧ ਹਮਲਾ ਹੋਣ ਦੀ ਸੂਰਤ ਵਿਚ 40 ਮਿਲੀਲਿਟਰ ਕੌਨਫੀਡੋਰ 17.8 ਐਸ ਐਲ (ਇਮੀਡਾਕਲੋਪਰਿਡ) ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) ਜਾਂ 560 ਮਿਲੀਲਿਟਰ ਮੈਲਾਥੀਆਨ 50 ਈ ਸੀ ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵੈਲਰੇਟ) ਨੂੰ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਉ। ਕੌਨਫੀਡੋਰ ਜਾ ਐਕਟਾਰਾ ਦੇ ਛਿੜਕਾਅ ਤੋਂ ਬਾਅਦ ਇਕ ਦਿਨ ਤੱਕ ਫਲ ਨਾ ਤੋੜੋ।

**ਚਿਤਕਬਰੀ ਸੁੰਡੀ** : ਇਹ ਕੀੜਾ ਭਿੰਡੀ ਦੀ ਫਸਲ ਤੇ ਮਈ ਤੋਂ ਸਤੰਬਰ ਤੱਕ ਹਮਲਾ ਕਰਦਾ ਹੈ। ਚਿਤਕਬਰੀ ਸੁੰਡੀ ਦੇ ਹਮਲੇ ਵਾਲੀਆਂ ਲਗਰਾਂ ਕੁਮਲਾਅ ਜਾਂਦੀਆਂ ਹਨ ਅਤੇ ਥੱਲੇ ਨੂੰ ਡਿੱਗ ਪੈਂਦੀਆਂ ਹਨ। ਚਿਤਕਬਰੀ ਸੁੰਡੀ ਦੇ ਹਮਲੇ ਵਾਲੇ ਫਲ ਕਾਣੇ ਹੋ ਜਾਂਦੇ ਹਨ। ਸੁੰਡੀ ਦਾ ਜੀਵਨ 10-16 ਦਿਨਾਂ ਤੱਕ ਦਾ ਹੁੰਦਾ ਹੈ। ਭੂਰੇ ਰੰਗ ਦਾ ਕੋਆ ਹੇਠਾਂ ਡਿੱਗ ਹੋਏ ਪੱਤਿਆਂ ਉੱਪਰ ਮਿਲਦਾ ਹੈ।

**ਰੋਕਥਾਮ** : ★ ਮੁਢੀ ਕਪਾਹ ਦੇ ਅਤੇ ਹੋਲੀਹੌਕ ਦੇ ਉੱਗੇ ਹੋਏ ਬੂਟੇ ਪੁੱਟ ਦਿਉ ਕਿਉਕਿ ਇਹ ਸੁੰਡੀ ਇਹਨਾਂ ਬੂਟਿਆਂ ਤੇ ਪਲਦੀ ਹੈ।

★ ਹਮਲੇ ਵਾਲੇ ਫਲ ਤੋੜ ਕੇ ਜ਼ਮੀਨ ਵਿੱਚ ਡੂੰਘੇ ਦਬਾ ਦਿਉ ਅਤੇ ਛਿੜਕਾਅ ਕਰਨ ਤੋਂ ਪਹਿਲਾਂ ਸਾਰੇ ਫਲ ਤੋੜ ਲਵੋ।

★ ਜੇਕਰ ਕਾਣੇ ਫਲਾਂ ਦੀ ਗਿਣਤੀ 1 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ ਰੋਕਥਾਮ ਲਈ 50 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾ ਨਿਲੀਪਰੋਲ) ਜਾਂ 200 ਮਿਲੀਲਿਟਰ ਸੁਮੀਪਲੀਉ 10 ਈ ਸੀ (ਪਰਿਡਾਲਾਈਲ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵੈਲਰੇਟ) ਜਾਂ 80 ਮਿਲੀਲਿਟਰ ਸਿੰਬੁਸ਼ 25 ਈ ਸੀ (ਸਾਈਪਰਮੈਥਰਿਨ) ਦਾ ਛਿੜਕਾਅ 100-125 ਲਿਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਕਰੋ। ਕੋਰਾਜਨ ਦੇ ਨਾਲ ਛਿੜਕਾਅ ਤੋਂ ਬਾਅਦ ਇਕ ਦਿਨ ਤੱਕ ਫਲ ਨਾ ਤੋੜੋ।

**ਚਿੱਟੀ ਮੱਖੀ** : ਚਿੱਟੀ ਮੱਖੀ ਦੇ ਬੱਚੇ ਅਤੇ ਬਾਲਗ ਭਿੰਡੀ ਦੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ ਜੋ ਚਿਪਚਿਪਾ ਜਿਹਾ ਹੁੰਦਾ ਹੈ। ਇਸ ਨਾਲ ਪੱਤਿਆਂ ਉੱਪਰ ਉੱਲੀ ਪੈਦਾ ਹੋ ਜਾਂਦੀ ਹੈ ਅਤੇ ਇਹ ਕਾਲੇ ਰੰਗ ਦੇ ਹੋ ਜਾਂਦੇ ਹਨ। ਚਿੱਟੀ ਮੱਖੀ ਭਿੰਡੀ ਵਿਚ ਵਿਸ਼ਾਣੂੰ ਰੋਗ ਵੀ ਫੈਲਾਉਂਦੀ ਹੈ।

**ਰੋਕਥਾਮ** : ਇਸ ਰੋਕਥਾਮ ਲਈ 2 ਲਿਟਰ *ਪੀ ਏ ਯੂ ਨਿੰਮ ਦਾ ਘੋਲ ਜਾਂ 80 ਮਿਲੀਲਿਟਰ ਇਕੋਟਿਨ 5% (ਨਿੰਮ ਅਧਾਰਿਤ ਕੀਟਨਾਸ਼ਕ) ਦਾ ਛਿੜਕਾਅ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ।

**ਪੀ ਏ ਯੂ ਨਿੰਮ ਦਾ ਘੋਲ ਤਿਆਰ ਕਰਨ ਦੀ ਵਿਧੀ** : ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜ ਛਾਣ ਕਰ ਲਓ ਅਤੇ ਤਰਲ ਨੂੰ ਸਿਫਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ।


**ਰਵਿੰਦਰ ਸਿੰਘ ਚੰਦੀ,**
**ਕੀਟ ਵਿਗਿਆਨ ਵਿਭਾਗ**
(ਮੋ.81460-39400)

## ਸਾਉਣੀ ਰੁੱਤ ਦੀ

# ਮੱਕੀ ਨੂੰ ਕੀੜੇ-ਮਕੌੜਿਆਂ ਤੋਂ ਬਚਾਓ


**ਜਵਾਲਾ ਜਿੰਦਲ, ਕਮਲਜੀਤ ਸਿੰਘ ਸੰਘਾ ਅਤੇ ਮਨਿੰਦਰ ਸਿੰਘ ਬੌਂਸ,**
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99884-01521)

ਮੱਕੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿਚੋਂ ਸਭ ਤੋਂ ਹਾਨੀਕਾਰਕ ਫਾਲ ਆਰਮੀਵਰਮ ਅਤੇ ਮੱਕੀ ਦਾ ਗੜੂੰਆਂ ਹੈ। ਫਾਲ ਆਰਮੀਵਰਮ ਮਈ 2018 ਵਿਚ ਭਾਰਤ ਪਹੁੰਚਣ ਤੋਂ ਬਾਅਦ ਲਗਾਤਾਰ ਮੱਕੀ ਦੀ ਫਸਲ ਤੇ ਨੁਕਸਾਨ ਕਰ ਰਿਹਾ ਹੈ। ਪੰਜਾਬ ਵਿਚ ਵੀ ਫਸਲ ਤੇ ਇਸ ਕੀੜੇ ਦਾ ਹਮਲਾ ਦੇਖਿਆ ਜਾ ਰਿਹਾ ਹੈ। ਪਰ ਇਸ ਕੀੜੇ ਦੀ ਰੋਕਥਾਮ ਪੀ.ਏ.ਯੂ. ਵੱਲੋਂ ਕੀਤੀਆਂ ਸਿਫਾਰਸ਼ਾਂ ਸਮੇਂ ਸਿਰ ਅਪਨਾਉਣ ਨਾਲ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਮੱਕੀ ਤੇ ਇਸ ਕੀੜੇ ਦੇ ਹਮਲੇ ਪ੍ਰਤੀ ਸੁਚੇਤ ਰਹਿਣ ਦੀ ਬਹੁਤ ਲੋੜ ਹੈ।

**ਫਾਲ ਆਰਮੀਵਰਮ ਦੀ ਪਛਾਣ ਅਤੇ ਜੀਵਨ ਚੱਕਰ** : ਫਾਲ ਆਰਮੀਵਰਮ ਕੀੜਾ ਚਾਰ-ਅਵਸਥਾਵਾਂ (ਅੰਡਾ, ਸੁੰਡੀਆਂ, ਕੋਆ ਅਤੇ ਪਤੰਗਾ) ਵਿਚ ਆਪਣਾ ਜੀਵਨ-ਚੱਕਰ ਪੂਰਾ ਕਰਦਾ ਹੈ। ਇਸ ਕੀੜੇ ਦੀ



ਮਾਦਾ ਪਤੰਗਾ 1000 ਆਂਡੇ ਦੇ ਸਕਦੀ ਹੈ ਅਤੇ ਇਕ ਰਾਤ ਵਿਚ 100 ਕਿਲੋਮੀਟਰ ਤੱਕ ਉੱਡ ਸਕਦੀ ਹੈ। ਆਂਡੇ ਝੁੰਡਾਂ ਦੇ ਰੂਪ ਵਿਚ (100-150 ਆਂਡੇ ਪ੍ਰਤੀ ਝੁੰਡ) ਪੱਤੇ ਦੀ (ਆਮ ਤੌਰ 'ਤੇ) ਉੱਪਰਲੀ ਜਾਂ ਹੇਠਲੀ ਸਤਹਿ ਤੇ ਦਿੱਤੇ ਹੁੰਦੇ ਹਨ। ਆਂਡਿਆਂ ਵਿਚੋਂ ਸੁੰਡੀਆਂ 4 ਤੋਂ 6 ਦਿਨਾਂ ਵਿਚ ਨਿਕਲ ਆਉਂਦੀਆਂ ਹਨ। ਅਨੁਕੂਲ ਹਲਾਤਾਂ ਵਿਚ ਸੁੰਡੀ 14 ਤੋਂ 18 ਦਿਨਾਂ ਤੱਕ ਪਲਦੀ ਹੈ। ਇਸ ਤੋਂ ਬਾਅਦ ਕੋਆ (ਪਿਊਪਾ) ਬਣਦਾ ਹੈ ਜੋ 8 ਤੋਂ 10 ਦਿਨਾਂ ਵਿਚ ਬਾਲਗ ਕੀੜਾ (ਪਤੰਗਾ) ਬਣ ਜਾਂਦਾ ਹੈ। ਬਾਲਗ ਕੀੜਾ 4 ਤੋਂ 6 ਦਿਨ ਜਿਊਂਦਾ ਰਹਿੰਦਾ ਹੈ। ਫਾਲ ਆਰਮੀਵਰਮ ਦੀ ਸੁੰਡੀ ਦੀ ਪਛਾਣ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜੀ ਦੇ ਅੱਖਰ 'Y' ਦੇ ਪੁੱਠੇ ਨਿਸ਼ਾਨ ਅਤੇ ਪਿਛਲੇ ਸਿਰ ਵੱਲ ਚੌਰਸ ਆਕਾਰ ਵਿਚ ਬਣੇ ਚਾਰ ਬਿੰਦੂਆਂ ਤੋਂ ਹੋ ਜਾਂਦੀ ਹੈ। ਇਸ ਦਾ



ਪਿਊਪਾ ਲਾਲ ਭੂਰੇ ਰੰਗ ਦਾ ਹੁੰਦਾ ਹੈ ਅਤੇ ਆਮ ਤੌਰ ਤੇ ਜ਼ਮੀਨ ਅੰਦਰ ਹੁੰਦਾ ਹੈ। ਨਰ ਪਤੰਗੇ ਦੇ ਅਗਲੇ ਖੰਭਾਂ ਦੇ ਮੱਧ ਵਿਚ ਇੱਕ ਹਲਕੇ ਭੂਰੇ ਰੰਗ ਦਾ ਧੱਬਾ ਅਤੇ ਸਿਰੇ ਤੇ ਚਿੱਟੇ ਰੰਗ ਦੀ ਪੱਟੀ ਹੁੰਦੀ ਹੈ। ਇਸ ਕੀੜੇ ਦੀ ਵੱਧਣ ਫੁੱਲਣ ਲਈ ਮੌਸਮ ਵੀ ਇਕ ਪ੍ਰਮੁੱਖ ਭੂਮਿਕਾ ਹੈ। ਕੀੜੇ ਦੇ ਤੇਜ਼ੀ ਨਾਲ ਵਿਕਾਸ ਲਈ ਔਸਤਨ 25-30 ਡਿਗਰੀ ਸੈਲਸੀਅਸ ਤਾਪਮਾਨ ਚਾਹੀਦਾ ਹੈ। ਪੰਜਾਬ ਵਿਚ ਸਾਉਣੀ ਰੁੱਤ ਵਿਚ ਇਸ ਦਾ ਜ਼ਿਆਦਾ ਹਮਲਾ ਜੁਲਾਈ ਤੋਂ ਸਤੰਬਰ ਵਿਚ ਵੇਖਿਆ ਗਿਆ ਹੈ।

**ਮੱਕੀ ਤੇ ਨੁਕਸਾਨ ਦੇ ਲੱਛਣ** : ਫਾਲ ਆਰਮੀਵਰਮ ਛੋਟੀ ਫਸਲ ਤੋਂ ਲੈ ਕੇ ਛੱਲੀ ਬਣਨ ਤੱਕ ਫਸਲ ਨੂੰ ਨੁਕਸਾਨ ਪਹੁੰਚਾਉਂਦਾ, ਪਰ ਗੋਭ ਵਿਚ ਖਾਣਾ ਇਸ ਕੀੜੇ ਨੂੰ ਵਧੇਰੇ ਪਸੰਦ ਹੈ। ਹਮਲੇ ਦੇ ਸ਼ੁਰੂਆਤ ਵਿਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹਿ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਨ ਪੱਤਿਆਂ ਉੱਤੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ। ਜਦੋਂ ਸੁੰਡੀਆਂ ਵੱਡੀਆਂ ਹੁੰਦੀ ਆਂ ਹਨ ਤਾਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਇਨ੍ਹਾਂ ਮੋਰੀਆਂ ਦਾ ਆਕਾਰ ਸੁੰਡੀਆਂ ਦੇ ਵਿਕਾਸ ਨਾਲ ਵੱਧਦਾ ਜਾਂਦਾ ਹੈ। ਵੱਡੀਆਂ ਸੁੰਡੀਆਂ ਗੋਭ ਦੇ ਪੱਤਿਆਂ ਨੂੰ ਬੁਰੀ ਤਰ੍ਹਾਂ ਖਾ ਕੇ, ਇਨ੍ਹਾਂ ਗੋਭਾਂ ਵਿਚ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਦਿਨ ਦੇ ਸਮੇਂ ਸੁੰਡੀਆਂ ਗੋਭ ਵਿਚ ਲੁਕ ਜਾਂਦੀਆਂ ਹਨ।

**ਰੋਕਥਾਮ** : ਇਸ ਕੀੜੇ ਦੀ ਰੋਕਥਾਮ ਦੇ ਉਪਰਾਲੇ ਸੁੰਡੀਆਂ ਖੇਤ ਵਿਚ ਨਜ਼ਰ ਆਉਂਦੇ ਸਾਰ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ ਕਿਉਂਕਿ ਛੋਟੀਆਂ ਸੁੰਡੀਆਂ ਦੀ ਰੋਕਥਾਮ ਸੌਖੀ ਹੋ ਜਾਂਦੀ ਹੈ। ਰੋਕਥਾਮ ਲਈ ਹੇਠ ਦੱਸੇ ਉਪਰਾਲੇ ਅਤੇ ਕੀਟਨਾਸ਼ਕ ਸਿਫਾਰਿਸ਼ ਕੀਤੇ ਗਏ ਹਨ :

★ ਫਸਲ ਦਾ ਸਰਵੇਖਣ ਹਫਤੇ ਦੇ ਵਕਫੇ ਤੇ ਕਰਦੇ ਰਹਿਣਾ ਚਾਹੀਦਾ ਹੈ। ਆਮ ਤੌਰ ਤੇ ਇਸ ਕੀੜੇ ਦਾ ਹਮਲਾ ਖੇਤਾਂ ਵਿਚ ਧੌੜੀਆਂ ਵਿਚ ਸ਼ੁਰੂ ਹੋ ਕੇ ਬਹੁਤ ਜਲਦੀ ਸਾਰੇ ਖੇਤ ਵਿਚ ਫੈਲ ਜਾਂਦਾ ਹੈ। ਸਰਵੇਖਣ ਲਈ ਖੇਤ ਦੀਆਂ ਸਾਈਡਾਂ ਤੋਂ 4-5 ਕਤਾਰਾਂ ਛੱਡ ਕੇ 'W' ਦੇ ਆਕਾਰ ਵਿਚ ਖੇਤ ਅੰਦਰ ਚੱਕਰ ਲਗਾਉਣਾ ਚਾਹੀਦਾ ਹੈ। ਇਕ ਥਾਂ ਤੇ ਰੁੱਕ ਕੇ ਉਸ ਜਗ੍ਹਾ ਤੋਂ 20-20 ਪੌਦਿਆਂ ਨੂੰ ਚੰਗੀ ਤਰ੍ਹਾਂ ਪਰਖੋ ਅਤੇ ਹਮਲਾ ਵਾਲੇ ਪੌਦਿਆਂ ਦੀ ਗਿਣਤੀ ਕਰੋ। ਸਾਉਣੀ ਰੁੱਤ ਦੀ ਫਸਲ ਦੀ ਬਿਜਾਈ ਸਿਰਫ ਸਿਫਾਰਸ਼ ਸਮੇਂ (25 ਮਈ ਤੋਂ 30 ਜੂਨ ਤੱਕ) ਦੌਰਾਨ ਹੀ ਕਰਨੀ ਚਾਹੀਦੀ ਹੈ।

★ ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੀਏ ਤਾਂ ਜੋ ਕੀੜੇ ਦੇ ਵਧਣ-ਫੁੱਲਣ ਅਤੇ ਫੈਲਣ ਨੂੰ ਰੋਕਿਆ ਜਾ ਸਕਦਾ ਹੈ।

★ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰ ਦਿਓ। ਆਂਡਿਆਂ ਦੇ ਝੁੰਡ ਲੂਈ ਨਾਲ ਢਕੇ ਹੁੰਦੇ ਹਨ ਅਤੇ ਆਸਾਨੀ ਨਾਲ ਦਿਖ ਜਾਂਦੇ ਹਨ।

★ ਲੋੜ ਅਨੁਸਾਰ, ਹੇਠਾਂ ਦੱਸੇ ਤਰ੍ਹਾਂ ਕੀਟਨਾਸ਼ਕਾਂ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ :

--0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 120-200 ਲਿਟਰ ਪ੍ਰਤੀ ਏਕੜ ਵਰਤੋ।

--ਛਿੜਕਾਅ ਲਈ ਸਿਰਫ ਗੋਲ ਨੋਜ਼ਲ ਦੀ ਹੀ ਵਰਤੋਂ ਕਰੋ। ਸਪਰੇਅ ਦੀ ਦਿਸ਼ਾ ਮੱਕੀ ਦੀ ਗੋਭ ਵੱਲ ਕਰੋ ਤਾਂ ਜੋ ਸੁੰਡੀ ਉੱਪਰ ਕੀਟਨਾਸ਼ਕ ਦਾ ਸਿੱਧਾ ਅਸਰ ਹੋਵੇ।

--ਜੇ ਹਮਲਾ ਕੁੱਝ ਬੂਟਿਆਂ ਤੇ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ (ਲਗਭਗ ਅੱਧਾ ਗ੍ਰਾਮ ਪ੍ਰਤੀ ਗੋਭ)।



★ ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਰਲਾਓ। ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ।

★ ਬੈਸੀਲਸ ਥੁਰੀਨਜਿਐਨਸਿਸ (ਬੀ. ਟੀ.) ਆਧਾਰਿਤ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਨੂੰ ਤਰਜੀਹ ਦਿਓ। ਇਸ ਨਾਲ ਕੁਦਰਤੀ ਤੌਰ ਤੇ ਮਿਲਣ ਵਾਲੇ ਮਿੱਤਰ ਕੀੜੇ ਜਿਵੇਂ ਕਿ ਕੀਲੋਨਸ ਫੌਰਮੋਸੈਨਸ, ਕੋਪੋਲੈਟਿਸ, ਕੋਕਸੀਨੈਲਿਡ ਆਦਿ ਵੀ ਕਾਫੀ ਸੰਖਿਆ ਵਿਚ ਵਧ ਜਾਂਦੇ ਹਨ। 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ ਅਤੇ ਮਿਸ਼ਰਣ (ਲਗਭਗ ਅੱਧਾ ਗ੍ਰਾਮ

ਬਾਕੀ ਸਫਾ 14 'ਤੇ



ਬਾਕੀ ਸਫਾ 3 ਦੀ

# ਝੋਨੇ ਅਤੇ ਬਾਸਮਤੀ ਦੇ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਓ

**2. ਪੱਤਾ ਲਪੇਟ ਸੁੰਡੀ**

ਇਸ ਸੁੰਡੀ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਮਹੀਨੇ ਦੌਰਾਨ ਹੁੰਦਾ ਹੈ। ਇਸ ਦੇ ਪਤੰਗੇ ਹਲਕੇ ਭੂਰੇ ਰੰਗ ਦੇ ਹੁੰਦੇ ਹਨ ਅਤੇ ਇਨ੍ਹਾਂ ਦੇ ਅਗਲੇ ਖੰਭਾਂ ਦੇ ਗੂੜ੍ਹੇ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ । ਖੇਤ ਵਿਚ ਚੱਲਣ ਨਾਲ ਬੂਟੇ ਹਿੱਲਣ ਤੇ ਇਹ ਪਤੰਗੇ ਤੇਜ਼ੀ ਨਾਲ ਉੱਡ-ਉੱਡ ਕੇ ਲਾਗਲੇ



ਬੂਟਿਆਂ ਦੇ ਬੈਠਦੇ ਰਹਿੰਦੇ ਹਨ। ਮਾਦਾ ਪਤੰਗੇ ਪੱਤੇ ਦੇ ਹੇਠਲੇ ਪਾਸੇ ਇਕ-ਇਕ ਜਾਂ ਦੋ-ਦੋ ਕਰਕੇ ਅੰਡੇ ਦਿੰਦੇ ਹਨ। ਇਨ੍ਹਾਂ ਚੋਂ ਨਿਕਲੀਆਂ ਛੋਟੀਆਂ ਸੁੰਡੀਆਂ ਨਰਮ ਪੱਤਿਆਂ ਨੂੰ ਬਿਨਾਂ ਲਪੇਟਿਆਂ ਹੀ ਖਾਂਦੀਆਂ ਹਨ ਪਰ ਵੱਡੀਆਂ ਹੋਣ ਤੇ ਇਹ ਪੱਤਿਆਂ ਨੂੰ ਕਿਨਾਰਿਆਂ ਤੋਂ ਮੋੜ ਕੇ ਲੰਬੇ-ਰੁਖ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਰਹਿੰਦੀਆਂ ਹਨ । ਹਮਲੇ ਵਾਲੇ ਬੂਟਿਆਂ ਦੇ ਪੱਤਿਆਂ ਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਉਹ ਜਾਲੀਦਾਰ ਲੱਗਣ ਲੱਗ ਜਾਂਦੇ ਹਨ ।

**ਰੋਕਥਾਮ :**

**ੳ) ਰੋਕਥਾਮ ਦੇ ਆਮ ਢੰਗ** : ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ । ਪਹਿਲੀ ਵਾਰ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਓ ਅਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ ।

**ਅ) ਖਾਦਾਂ ਦੀ ਸੁਚੱਜੀ ਵਰਤੋਂ** : ਨਾਈਟਰੋਜਨ ਤੱਤ ਵਾਲੀਆਂ ਖਾਦਾਂ ਵੱਧ ਪਾਉਣ ਨਾਲ ਇਹ ਸੁੰਡੀ ਦਾ ਹਮਲਾ ਵਧੇਰੇ ਹੁੰਦਾ ਹੈ। ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।

**ੲ) ਰਸਾਇਣਕ ਰੋਕਥਾਮ** : ਖੇਤ ਵਿਚ ਖੜ੍ਹੀ ਫਸਲ ਤੇ ਕੀੜੇ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜਿਉਂ ਹੀ ਕੀੜੇ ਦੁਆਰਾ ਨੁਕਸਾਨੇ ਪੱਤਿਆਂ ਦੀ ਗਿਣਤੀ 10 ਫੀਸਦੀ ਜਾਂ ਇਸ ਤੋਂ ਵੱਧ ਹੋਏ ਤਾਂ ਸਾਰਣੀ ਵਿਚ ਦਰਸਾਈ ਕਿਸੇ ਇਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**3. ਬੂਟਿਆਂ ਦੇ ਟਿੱਡੇ**


ਪੰਜਾਬ ਵਿਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫਸਲ ਦਾ ਨੁਕਸਾਨ ਕਰਦੇ ਹਨ । ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ । ਹਮਲੇ ਵਜੋਂ ਬੂਟੇ ਦੇ ਪੱਤੇ ਉੱਪਰਲੇ ਸਿਰਿਆਂ ਵਲੋਂ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਹੌਲੀ-ਹੌਲੀ ਸਾਰਾ ਬੂਟਾ ਹੀ ਸੁੱਕ ਕੇ ਝੁਲਸ ਜਾਂਦਾ ਹੈ । ਕਈ ਵਾਰ ਹਮਲੇ ਵਾਲੇ ਪੱਤਿਆਂ ਤੇ ਕਾਲੀ ਉੱਲੀ ਵੀ ਲੱਗ ਜਾਂਦੀ ਹੈ । ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਲਾਗਲੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ/ਧੌੜੀਆਂ ਵਿਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਹਮਲਾ ਵੱਧਣ ਨਾਲ ਇਨ੍ਹਾਂ ਦੌਗੀਆਂ/ਧੌੜੀਆਂ ਦੇ ਘੇਰਿਆਂ ਦੇ ਅਕਾਰ ਵੀ ਵੱਧਦੇ ਰਹਿੰਦੇ ਹਨ ਅਤੇ ਹੌਲੀ-ਹੌਲੀ ਸਾਰਾ ਖੇਤ ਹੀ ਹਮਲੇ ਹੇਠ ਆ ਜਾਂਦਾ ਹੈ ।

**ਰੋਕਥਾਮ :**

**ੳ) ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।

**ਅ) ਖੜ੍ਹੀ ਫਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ** : ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਜ਼ਰੂਰੀ ਹੈ । ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਪਰ ਇਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ । ਅਜਿਹਾ ਕਰਨ ਨਾਲ ਨਾ ਕੇਵਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਪਾਣੀ ਦੀ ਵੀ ਬੱਚਤ ਹੁੰਦੀ ਹੈ ।

**ੲ) ਰਸਾਇਣਕ ਰੋਕਥਾਮ** : ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਤੋਂ ਤਕਰੀਬਨ ਮਹੀਨਾ ਕੁ ਪਿੱਛੋਂ ਹਫਤੇ-ਹਫਤੇ ਬਾਅਦ ਕੁੱਝ ਕੁ ਬੂਟਿਆਂ ਨੂੰ ਟੇਢੇ ਕਰਕੇ 2-3 ਵਾਰ ਹਲਕਾ-ਹਲਕਾ ਥਾਪੜੋ/ਝਾੜੋ । ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਸਾਰਣੀ ਵਿਚ ਦਰਸਾਈ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।



**ਚਿਤਾਵਨੀਆਂ**

ੳ) ਛਿੜਕਾਅ ਕਰਨ ਵੇਲੇ ਪੰਪ ਦੇ ਫੁਹਾਰੇ ਦਾ ਰੁਖ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ ।

ਅ) ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ ।

ੲ) ਜਦੋਂ ਟਿੱਡਿਆਂ ਦੀ ਗਿਣਤੀ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਹੋਵੇ ਤਾਂ ਸਿਫਾਰਸ਼ ਕੀਤੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਦੀ ਵਰਤੋਂ ਕਰਕੇ ਇਨ੍ਹਾਂ ਦੀ ਰੋਕਥਾਮ ਕਰੋ ਨਹੀਂ ਤਾਂ ਇਨ੍ਹਾਂ ਦੀ ਗਿਣਤੀ ਤੇ ਹਮਲਾ ਵਧਦਾ ਰਹਿੰਦਾ ਹੈ ਅਤੇ ਫਸਲ ਵੱਡੀ ਹੋਣ ਤੇ ਛਿੜਕਾਅ ਕਰਨਾ ਮੁਸ਼ਕਲ ਹੋ ਜਾਂਦਾ ਹੈ ।

**4. ਝੋਨੇ ਦਾ ਹਿਸਪਾ**

ਇਸ ਕੀੜੇ ਦਾ ਹਮਲਾ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਖੇ ਕੁੱਝ ਥਾਵਾਂ ਤੋਂ ਦੇਖਿਆ ਗਿਆ ਹੈ। ਬਾਲਗ ਅਵੱਸਥਾ ਵਿਚ ਇਹ ਕੀੜਾ ਇਕ ਕਾਲੇ-ਹਰੇ ਰੰਗ ਦੀ ਚਮਕਦਾਰ, ਲਗਭਗ 5-6 ਮਿਲੀਮੀਟਰ ਲੰਬੀ ਭੂੰਡੀ ਹੁੰਦਾ ਹੈ। ਇਸ ਦੇ ਸਰੀਰ ਛੋਟੇ-ਛੋਟੇ ਕੰਡੇ ਹੋਣ ਕਰਕੇ ਇਸ ਨੂੰ 'ਕੰਡਿਆਲੀ-ਭੂੰਡੀ' ਵੀ ਕਹਿੰਦੇ ਹਨ। ਇਸ ਕੀੜੇ ਦੇ ਬਾਲਗ (ਭੂੰਡੀਆਂ) ਅਤੇ ਬੱਚੇ (ਲੱਤਾਂ ਰਹਿਤ ਸੁੰਡੀਆਂ) ਫਸਲ ਨੂੰ ਨੁਕਸਾਨ ਪਹੁੰਚਾਉਂਦੇ ਹਨ । ਲੱਤਾਂ ਰਹਿਤ ਸੁੰਡੀਆਂ ਪੱਤਿਆਂ ਵਿਚ ਸੁਰੰਗਾਂ



ਬਣਾ ਕੇ ਅੰਦਰੋ-ਅੰਦਰ ਹਰਾ ਮਾਦਾ ਖਾਂਦੀਆਂ ਹਨ ਪਰ ਭੂੰਡੀਆਂ ਬਾਹਰ ਰਹਿ ਕੇ ਪੱਤਿਆਂ ਨੂੰ ਹੇਠਲੇ ਪਾਸੇ ਤੋਂ ਖੁਰਚ-ਖੁਰਚ ਕੇ ਹਰਾ ਮਾਦਾ ਖਾਂਦੀਆਂ ਹਨ। ਹਮਲੇ ਵਾਲੇ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਇਕ ਸਾਰ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ ਦਿਖਾਈ ਦਿੰਦਾ ਹੈ ।

**ਰੋਕਥਾਮ ਦੇ ਆਮ ਢੰਗ :**

**ੳ) ਪੱਤੇ ਲਾਪਰਨਾ** : ਜੇ ਹਮਲਾ ਪਨੀਰੀ ਤੇ ਹੋਵੇ ਤਾਂ ਖੇਤ ਵਿਚ ਲਾਉਣ ਤੋਂ ਪਹਿਲਾਂ ਪਨੀਰੀ ਦੇ ਹਮਲੇ ਵਾਲੇ ਬੂਟਿਆਂ ਦੇ ਪੱਤੇ (ਤਕਰੀਬਨ ਬੂਟੇ ਦਾ ਉੱਪਰਲਾ 1/3 ਹਿੱਸੇ) ਕੱਟ ਕੇ ਨਸ਼ਟ ਕਰ ਦਿਉ ।

**ਅ) ਰਸਾਇਣਕ ਰੋਕਥਾਮ** : ਜੇਕਰ ਹਮਲਾ ਖੇਤ ਵਿਚ ਖੜ੍ਹੀ ਫਸਲ ਤੇ ਜਾਪੇ ਤਾਂ ਸਾਰਣੀ ਨੰ. 1 ਵਿਚ ਦਰਸਾਏ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿਚ ਘੋਲ ਦੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।

**5. ਸਿੱਟੇ ਕੁਤਰਨ ਵਾਲੀ ਸੁੰਡੀ**

ਇਹ ਸੁੰਡੀ ਸਤੰਬਰ ਤੋਂ ਨਵੰਬਰ ਤੱਕ ਫਸਲ ਦਾ ਨੁਕਸਾਨ ਕਰ ਸਕਦੀ ਹੈ । ਇਸ ਕੀੜੇ ਦੀਆਂ ਸੁੰਡੀਆਂ ਪੱਤਿਆਂ ਨੂੰ ਕਿਨਾਰਿਆਂ ਤੋਂ ਖਾਣਾ ਸ਼ੁਰੂ ਕਰਦੀਆਂ ਹਨ ਅਤੇ ਪਿੱਛੇ ਸਿਰਫ ਵਿਚਕਾਰਲੀਆਂ ਨਾੜ੍ਹਾਂ ਬਾਕੀ ਛੱਡਦੀਆਂ ਹਨ। ਵੱਡੀਆਂ ਸੁੰਡੀਆਂ ਮੁੰਜਰਾਂ ਦੀਆਂ ਡੰਡੀਆਂ ਕੱਟ ਦੇਂਦੀਆਂ ਹਨ ਜਿਸ ਕਰਕੇ ਇਸ ਕੀੜੇ ਨੂੰ 'ਸਿੱਟੇ ਕੁੱਤਰਨ ਵਾਲੀ ਸੁੰਡੀ' ਵੀ ਕਿਹਾ ਜਾਂਦਾ ਹੈ । ਛੋਟੀਆਂ ਸੁੰਡੀਆਂ ਝੁੰਡਾਂ ਦੇ ਰੂਪ ਵਿਚ ਹੁੰਦੀਆਂ ਹਨ ਜਿਸ ਕਰਕੇ ਇਸ ਕੀੜੇ ਨੂੰ 'ਸੈਨਿਕ ਸੁੰਡੀ' ਵੀ ਕਿਹਾ ਜਾਂਦਾ ਹੈ ।

**6. ਘਾਹ ਦੇ ਟਿੱਡੇ**

ਇਹ ਟਿੱਡੇ ਝੋਨੇ ਦੀ ਪਨੀਰੀ ਅਤੇ ਫਸਲ ਦੇ ਪੱਤੇ ਖਾ ਕੇ ਨੁਕਸਾਨ ਕਰਦੇ ਹਨ ।

**ਰੋਕਥਾਮ** : ਇਨ੍ਹਾਂ ਦੀ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫਾਰਸ਼ ਕੀਟਨਾਸ਼ਕ ਹੀ ਵਰਤੇ ਜਾ ਸਕਦੇ ਹਨ ।

**ਸਾਰਣੀ ਨੰ. 1. ਝੋਨੇ ਅਤੇ ਬਾਸਮਤੀ ਦੇ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਵਾਸਤੇ ਸਿਫਾਰਸ਼ ਕੀਟਨਾਸ਼ਕ**

| ਹਾਨੀਕਾਰਕ ਕੀੜਾ | ਕੀਟਨਾਸ਼ਕ | | ਮਾਤਰਾ/ ਏਕੜ |
|---|---|---|---|
| | ਜ਼ਹਿਰ | ਮਾਰਕਾ | |
| ਤਣੇ ਦੇ ਗੜੂੰਏਂ ਅਤੇ ਪੱਤਾ ਲਪੇਟ ਸੁੰਡੀ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿ. ਲੀ. |
| | *ਕਲੋਰਐਂਟਰਾਨਿਲੀਪਰੋਲ | ਕੋਰਾਜਨ 18.5 ਐਸ ਸੀ | 60 ਮਿ. ਲੀ. |
| | *ਫਲੂਬੈਂਡਾਮਾਈਡ 39.35% | ਫੇਮ 480 ਐਸ ਸੀ | 20 ਮਿ. ਲੀ. |
| | *ਫਲੂਬੈਂਡਾਮਾਈਡ 20% | ਟਾਕੂਮੀ 20 ਡਬਲਯੂ ਜੀ | 50 ਗ੍ਰਾਮ |
| | ਕਾਰਟਾਪ ਹਾਈਡਰੋਕਲੋਰਾਈਡ | ਮੋਰਟਰ 75 ਐਸ ਜੀ | 170 ਗ੍ਰਾਮ |
| | ਅਜ਼ੈਡੀਰੈਕਟਿਨ 0.15%** | ਅਚੂਕ/ਨੀਮ ਕਵਚ | 1 ਲਿਟਰ |
| | ਫਿਪਰੋਨਿਲ** | ਫਿਪਰੋਨਿਲ 80% ਡਬਲਯੂ ਜੀ | 15 ਗ੍ਰਾਮ |
| | ਕਲੋਰਐਂਟਰਾਨਿਲੀਪਰੋਲ** | ਫਰਟੇਰਾ/ਮਾਰਕਟੇਰਾ 0.4 ਜੀ ਆਰ | 4 ਕਿਲੋ |
| | ਥਿਓਸਾਈਕਲੇਮ ਹਾਈਡ੍ਰੋਜ਼ਨ ਆਕਸਾਲੇਟ** | ਵਾਈਬਰੇਂਟ 4 ਜੀ ਆਰ | 4 ਕਿਲੋ |
| | ਕਾਰਟਾਪ ਹਾਈਡਰੋਕਲੋਰਾਈਡ** | ਪਡਾਨ/ਕੈਲਾਡਾਨ/ਕਰੀਟਾਪ/ ਸੈਨਵੈਕਸ/ਨਿਦਾਨ/ਮਾਰਕਟੈਪ/ ਮਿਫਟੈਪ/ਕਾਤਸੂ 4 ਜੀ | 10 ਕਿਲੋ |
| | ਫਿਪਰੋਨਿਲ** | ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਵੀਰ ਜੀ ਆਰ/ਸ਼ਿਨਜ਼ੇਨ 0.3 ਜੀ | 6 ਕਿਲੋ |
| ਬੂਟਿਆਂ ਦੇ ਟਿੱਡੇ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿ. ਲੀ. |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿ. ਲੀ. |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ਡੋਮਿਨੈਂਟ 20 ਐਸ ਜੀ | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| | ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ ਸੀ | 400 ਮਿ. ਲੀ. |
| | ਫਲੂਪਾਇਰੀਮਿਨ | ਇਮੇਜਿਨ 10 ਐਸ ਸੀ | 300 ਮਿ. ਲੀ. |
| | ਕੁਇਨਲਫਾਸ | ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈਸੀ | 800 ਮਿ. ਲੀ. |
| ਝੋਨਾ ਦਾ ਹਿਸਪਾ | ਕੁਇਨਲਫਾਸ | ਏਕਾਲਕਸ 25 ਈ ਸੀ | 800 ਮਿ. ਲੀ. |

*ਇਹ ਰਸਾਇਣ ਹਰੀ ਤਿਕੋਣ ਵਾਲੇ ਹਨ । **ਸਿਰਫ ਬਾਸਮਤੀ ਝੋਨੇ ਲਈ ਸਿਫਾਰਸ਼ ਕੀਤੇ ਹਨ ।

**ਨੋਟ** : 1. ਦਾਣੇਦਾਰ ਕੀਟਨਾਸ਼ਕਾਂ ਦੀ ਸਿਫਾਰਸ਼ ਸਿਰਫ ਬਾਸਮਤੀ ਕਿਸਮਾਂ ਲਈ ਹੀ ਕੀਤੀ ਗਈ ਹੈ । 2. ਹਰ ਵਾਰ ਇੱਕ ਹੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ । 3. ਹੱਥਾਂ ਪੈਰਾਂ ਤੇ ਜ਼ਖਮ ਵਾਲਾ 'ਕਾਮਾ' ਦਾਣੇਦਾਰ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੇ । 4. ਕੀਟਨਾਸ਼ਕਾਂ ਦੀ ਵਰਤੋਂ ਸਮੇਂ ਇਨ੍ਹਾਂ ਨਾਲ ਮਿਲੇ ਦਸਤਾਨੇ ਜ਼ਰੂਰ ਪਹਿਨੋ । 5. ਕੀਟਨਾਸ਼ਕਾਂ ਦੀ ਵਰਤੋਂ ਕਰਨ ਵਾਲੇ ਕਾਮੇ 'ਖਾਣ-ਪੀਣ' ਤੋਂ ਪਹਿਲਾਂ ਆਪਣੇ ਹੱਥ-ਮੂੰਹ ਸਾਬਣ ਤੇ ਪਾਣੀ ਨਾਲ ਚੰਗੀ ਤਰ੍ਹਾਂ ਜ਼ਰੂਰ ਧੋ ਲੈਣ ।





# ਸਾਉਣੀ ਦੀਆਂ ਫਸਲਾਂ 'ਚ ਜ਼ਿੰਕ ਅਤੇ ਲੋਹੇ ਦੀ ਘਾਟ : ਪਛਾਣ ਅਤੇ ਇਲਾਜ

**ਉਪਿੰਦਰ ਸਿੰਘ ਸੰਧੂ ਅਤੇ ਸੰਜੀਵ ਕੁਮਾਰ ਕਟਾਰੀਆ, ਕ੍ਰਿਸ਼ੀ ਵਿਗਿਆਨ ਕੇਂਦਰ, ਜਲੰਧਰ (ਨੂਰ ਮਹਿਲ)**

**ਸੂਖਮ ਖੁਰਾਕੀ ਤੱਤ, ਵੱਡੇ ਤੱਤਾਂ ਨਾਲੋਂ ਭਾਵੇਂ ਫਸਲਾਂ ਨੂੰ ਜ਼ਿਆਦਾ ਮਾਤਰਾ 'ਚ ਲੋੜੀਂਦੇ ਨਹੀਂ ਹੁੰਦੇ ਹਨ ਪਰ ਇਨ੍ਹਾਂ ਦੀ ਮਹੱਤਤਾ ਵੱਡੇ ਖੁਰਾਕੀ ਤੱਤਾਂ ਦੇ ਬਰਾਬਰ ਹੀ ਹੁੰਦੀ ਹੈ । ਸਾਉਣੀ ਦੀਆਂ ਫਸਲਾਂ ਵਿਚ ਜ਼ਿੰਕ ਅਤੇ ਲੋਹੇ ਦੀ ਘਾਟ ਆਮ ਦੇਖਣ ਵਿਚ ਆਉਂਦੀ ਹੈ, ਜਿਸ ਦੀ ਸਮੇਂ ਸਿਰ ਪਛਾਣ ਅਤੇ ਰੋਕਥਾਮ ਬਹੁਤ ਜ਼ਰੂਰੀ ਹੈ । ਜ਼ਿੰਕ ਅਤੇ ਲੋਹੇ ਦੀ ਘਾਟ ਦੀ ਸੰਭਾਵਨਾਂ ਵਾਲੀਆਂ ਹਾਲਤਾਂ, ਘਾਟ ਦੇ ਲੱਛਣਾਂ ਦੀ ਪਛਾਣ ਅਤੇ ਪੂਰਤੀ ਦੇ ਤਰੀਕੇ ਨੂੰ ਹੇਠਾਂ ਵਿਸਥਾਰ 'ਚ ਬਿਆਨ ਕੀਤਾ ਗਿਆ ਹੈ ।**

## ਜ਼ਿੰਕ ਦੀ ਘਾਟ

**1. ਝੋਨਾ** : ਝੋਨੇ ਵਿਚ ਜ਼ਿੰਕ ਦੀ ਘਾਟ ਆਉਣ ਤੇ ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ । ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ 'ਚ ਪੱਤੇ ਸੁੱਕ ਜਾਂਦੇ ਹਨ। ਜ਼ਿੰਕ ਦੀ ਪੂਰਤੀ ਲਈ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21 ਫੀਸਦੀ) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33 ਫੀਸਦੀ) ਪ੍ਰਤੀ ਏਕੜ ਦੇ ਹਿਸਾਬ ਨਾਲ ਛੱਟਾ ਦੇਣਾ ਚਾਹੀਦਾ ਹੈ। ਜੇਕਰ ਬੀਜੀ ਫਸਲ 'ਚ ਇਹ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ ਜ਼ਿੰਕ ਸਲਫੇਟ ਖੇਤ ਵਿਚ ਛੱਟੇ ਨਾਲ ਪਾ ਦਿਉ। ਬਹੁਤ ਮਾੜੀਆਂ ਜ਼ਮੀਨਾਂ ਵਿਚ ਜ਼ਿੰਕ ਸਲਫੇਟ ਦੀ ਵਰਤੋਂ ਦੇ ਬਾਵਜੂਦ ਵੀ ਜ਼ਿੰਕ ਦੀ ਘਾਟ ਧੌੜੀਆਂ ਵਿਚ ਨਜ਼ਰ ਆਉਂਦੀ ਹੈ। ਅਜਿਹੀ ਹਾਲਤ 'ਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21 ਫੀਸਦੀ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33 ਫੀਸਦੀ) ਨੂੰ ਏਨੀ ਹੀ ਸੁੱਕੀ ਮਿੱਟੀ 'ਚ ਰਲਾ ਕੇ ਘਾਟ ਵਾਲੀਆਂ ਥਾਵਾਂ ਵਿਚ ਖਿਲਾਰ ਦੇਣਾ ਚਾਹੀਦਾ ਹੈ ।

**2. ਮੱਕੀ** : ਮੱਕੀ ਦੇ ਵਿਚ ਬਿਜਾਈ ਤੋਂ ਲਗਭਗ 2 ਹਫਤਿਆਂ ਬਾਅਦ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਦਿੱਸਣ ਲੱਗ ਜਾਂਦੀਆਂ ਹਨ । ਜ਼ਿੰਕ ਦੀ ਘਾਟ ਆਉਣ 'ਤੇ ਪੌਦੇ ਦੇ ਸਿਰ੍ਹੇ ਤੋਂ ਹਰੇਕ ਪਾਸੇ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਚਿੱਟੇ-ਪੀਲੇ ਧੱਬੇ ਪੈ ਜਾਂਦੇ ਹਨ ਅਤੇ ਮੁੱਖ ਨਾੜ ਦੇ ਦੋਹੀਂ ਪਾਸੀਂ ਲਾਲ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ । ਬੂਟੇ ਮੱਧਰੇ ਰਹਿੰਦੇ ਹਨ ਅਤੇ ਤਣੇ ਦੀਆਂ ਗੰਢਾ ਨੇੜੇ-ਨੇੜੇ ਪੈਂਦੀਆਂ ਹਨ । ਜੇਕਰ ਜ਼ਿੰਕ ਦੀ ਘਾਟ ਮੱਕੀ ਤੋਂ ਪਹਿਲੀ ਫਸਲ ਵਿਚ ਨਜ਼ਰ ਆਈ ਹੋਵੇ ਤਾਂ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21 ਫੀਸਦੀ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33 ਫੀਸਦੀ) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ 'ਚ ਮਿਲਾ ਦਿਉ । ਜੇਕਰ ਜ਼ਿੰਕ ਸਲਫੇਟ ਦੀ ਵਰਤੋਂ ਬਿਜਾਈ ਸਮੇਂ ਨਾ ਕੀਤੀ ਗਈ ਹੋਵੇ ਅਤੇ ਮੱਕੀ ਦੀ ਫਸਲ ਵਿਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21 ਫੀਸਦੀ) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33 ਫੀਸਦੀ) ਨੂੰ ਏਨੀ ਹੀ ਮਿੱਟੀ 'ਚ ਮਿਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾ ਦਿਓ ਤੇ ਗੋਡੀ ਕਰ ਕੇ ਮਿੱਟੀ 'ਚ ਮਿਲਾ ਦਿਓ ਅਤੇ ਬਾਅਦ 'ਚ ਫਸਲ ਨੂੰ ਪਾਣੀ ਦਿਓ । ਜੇ ਜ਼ਿੰਕ ਦੀ ਘਾਟ ਦਾ ਪਤਾ ਅਜਿਹੇ ਸਮੇਂ ਲੱਗੇ ਜਦੋਂ ਗੋਡੀ ਕਰਨੀ ਮੁਸ਼ਕਿਲ ਹੋਵੇ ਤਾਂ ਜ਼ਿੰਕ ਸਲਫੇਟ ਦੀ ਸਪਰੇਅ ਵੀ ਕੀਤੀ ਜਾ ਸਕਦੀ ਹੈ। ਇਕ ਏਕੜ ਵਾਸਤੇ ਇਹ ਸਪਰੇਅ ਤਿਆਰ ਕਰਨ ਲਈ 1200 ਗ੍ਰਾਮ ਜ਼ਿੰਕ ਸਲਫੇਟ ਹੈਪਟਾਹਾਈਡਰੇਟ, 600 ਗ੍ਰਾਮ ਅਣਬੁਝਿਆ ਚੂਨਾ ਜਾਂ 750 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡਰੇਟ, 375 ਗ੍ਰਾਮ ਅਣਬੁਝਿਆ ਚੂਨਾ ਅਤੇ 200 ਲੀਟਰ ਪਾਣੀ ਵਰਤੋਂ।

**3. ਮੂੰਗਫਲੀ** : ਮੂੰਗਫਲੀ 'ਚ ਜ਼ਿੰਕ ਦੀ ਘਾਟ ਆਉਣ 'ਤੇ ਪੌਦੇ ਦੇ ਉੱਪਰਲੇ ਅੱਧੇ ਹਿੱਸੇ ਦੇ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ ਅਤੇ ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ । ਸਮੇਂ ਸਿਰ ਇਲਾਜ ਨਾ ਕਰਨ ਕਾਰਨ, ਪੌਦਾ ਪੂਰਾ ਵਧਦਾ-ਫੁੱਲਦਾ ਨਹੀਂ ਅਤੇ ਗਿਰੀਆਂ ਸੁੰਗੜ ਜਾਂਦੀਆਂ ਹਨ । ਜ਼ਿੰਕ ਦੀ ਪੂਰਤੀ ਲਈ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21 ਫੀਸਦੀ) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33 ਫੀਸਦੀ) ਪ੍ਰਤੀ ਏਕੜ ਪਾਉ। ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫਸਲ ਪੈਦਾ ਕਰਨ ਲਈ ਕਾਫੀ ਹੈ ।

## ਲੋਹੇ ਦੀ ਘਾਟ

**1. ਝੋਨਾ** : ਝੋਨੇ ਦੀ ਸਿੱਧੀ ਬਿਜਾਈ ਅਤੇ ਪਨੀਰੀ ਲਾਉਣ ਤੋਂ ਕੁਝ ਦਿਨਾਂ ਬਾਅਦ ਵਿਚ ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿਚ ਜਿੱਥੇ ਪਾਣੀ ਦੀ ਘਾਟ ਹੋਵੇ, ਅਕਸਰ




ਹੀ ਲੋਹੇ ਦੀ ਘਾਟ ਦੇਖਣ ਵਿਚ ਆਉਂਦੀ ਹੈ, ਜਿਸ ਨਾਲ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਕੇ ਮਰ ਜਾਂਦੇ ਹਨ ਅਤੇ ਕਈ ਵਾਰ ਸਾਰੀ ਦੀ ਸਾਰੀ ਫਸਲ ਹੀ ਤਬਾਹ ਹੋ ਜਾਂਦੀ ਹੈ । ਜਦੋਂ ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫਸਲ ਨੂੰ ਦਿਉ । ਲੋਹੇ ਦੀ ਪੂਰਤੀ ਲਈ ਫੈਰਿਸ ਸਲਫੇਟ ਦੇ 1.0 ਫੀਸਦੀ ਘੋਲ ਦਾ ਛਿੜਕਾਅ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਹ ਘੋਲ 1 ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ 'ਚ ਘੋਲ ਕੇ ਤਿਆਰ ਕੀਤਾ ਜਾ ਸਕਦਾ ਹੈ। ਇਸ ਮਾਤਰਾ ਦੇ ਦੋ-ਤਿੰਨ ਛਿੜਕਾਅ, ਹਫਤੇ-ਹਫਤੇ ਦੇ ਵਕਫੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ। ਇੱਥੇ ਇਹ ਗੱਲ ਵੀ ਜ਼ਰੂਰੀ ਹੈ ਕਿ ਇਸ ਦੀ ਵਰਤੋਂ ਕਦੇ ਵੀ ਸਿੱਧੀ ਜ਼ਮੀਨ 'ਚ ਨਹੀਂ ਕਰਨੀ ਚਾਹੀਦੀ, ਸਿਰਫ ਛਿੜਕਾਅ ਹੀ ਕਰਨੇ ਚਾਹੀਦੇ ਹਨ ।

**2. ਕਮਾਦ** : ਕਮਾਦ 'ਚ ਲੋਹੇ ਦੀ ਘਾਟ ਜ਼ਿਆਦਾ ਰੇਤਲੀਆਂ ਜ਼ਮੀਨਾਂ 'ਚ ਦੇਖਣ 'ਚ ਆਉਂਦੀ ਹੈ। ਲੋਹੇ ਦੀ ਘਾਟ ਆਉਣ 'ਤੇ ਨਵੇਂ ਪੱਤਿਆਂ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਬਾਅਦ 'ਚ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ । ਸਮੇਂ ਸਿਰ ਇਲਾਜ



ਨਾਲ ਕਰਨ ਕਾਰਨ, ਜ਼ਿਆਦਾ ਘਾਟ 'ਚ ਅਕਸਰ ਪੱਤੇ ਚਿੱਟੇ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਛੋਟਾ ਰਹਿੰਦਾ ਹੈ। ਲੋਹੇ ਦੀ ਪੂਰਤੀ ਲਈ ਫੈਰਿਸ ਸਲਫੇਟ ਦੇ 1.0 ਫੀਸਦੀ ਘੋਲ (1 ਕਿਲੋ ਫੈਰਸ ਸਲਫੇਟ ਨੂੰ 100 ਲੀਟਰ ਪਾਣੀ 'ਚ ਘੋਲ ਕੇ) ਦਾ ਛਿੜਕਾਅ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਮਾਤਰਾ ਦੇ ਦੋ-ਤਿੰਨ ਛਿੜਕਾਅ, ਹਫਤੇ-ਹਫਤੇ ਦੇ ਵਕਫੇ 'ਤੇ ਕਰਨ ਨਾਲ ਇਸ ਤੱਤ ਦੀ ਪੂਰਤੀ ਕੀਤੀ ਜਾ ਸਕਦੀ ਹੈ ।

ਮੱਕੀ ਦੀ ਅਜਿਹੀ ਛੱਲੀ, ਜਿਸ ਨੇ ਅਜੇ ਸੂਤ ਕੱਤਣ ਸ਼ੁਰੂ ਕੀਤਾ ਹੋਵੇ ਪਰ ਅਜੇ ਦਾਣੇ ਬਣਣ ਦੀ ਪ੍ਰਕਿਰਿਆ ਸ਼ੁਰੂ ਨਾ ਹੋਈ ਹੋਵੇ, ਅਜਿਹੀ ਛੱਲੀ ਨੂੰ ਤੋੜ ਕੇ ਬੇਬੀ ਕੌਰਨ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਬੇਬੀ ਕੌਰਨ ਨੂੰ ਸਬਜ਼ੀ, ਅਚਾਰ, ਪਕੌੜੇ ਅਤੇ ਸੂਪ ਆਦਿ ਤਿਆਰ ਕਰਨ ਵਾਸਤੇ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਵੱਖ-ਵੱਖ ਪਕਵਾਨਾਂ ਨੂੰ ਤਿਆਰ ਕਰਨ 'ਚ ਕੀਤੀ ਜਾਂਦੀ ਹੈ, ਜਿਵੇਂ ਕਿ ਹਲਵਾ, ਖੀਰ, ਬਰਫੀ, ਜੈਮ, ਚਟਨੀ, ਅਚਾਰ, ਕੈਂਡੀ, ਮੁਰੱਬਾ, ਸੂਖ ਮੰਚੂਰੀਅਨ, ਚਾਊਮਿਨ ਅਤੇ ਰਵਾਇਤੀ ਉਤਪਾਦ ਜਿਵੇਂ ਕਿ ਪਕੌੜੇ, ਸਲਾਦ, ਸੁੱਕੀਆਂ ਸਬਜ਼ੀਆਂ, ਕੋਫਤਾ, ਮਿਸ਼ਰਤ ਸਬਜ਼ੀ, ਰਾਇਤਾ ਆਦਿ। ਬੇਬੀ ਕੌਰਨ ਤੋੜਨ ਤੋਂ ਬਾਅਦ ਬਚੇ ਹੋਏ ਟਾਂਡਿਆਂ ਨੂੰ ਪਸ਼ੂਆਂ ਦੇ ਹਰੇ ਚਾਰੇ ਵਜੋਂ ਵਰਤਿਆ ਜਾ ਸਕਦਾ ਹੈ।



# ਬੇਬੀ ਕੌਰਨ ਦੀ ਸਫਲ ਕਾਸ਼ਤ

### ਢੁੱਕਵੀਂ ਕਿਸਮ

ਬੇਬੀ ਕੌਰਨ ਦੀ ਕਾਸ਼ਤ ਲਈ ਜਲਦੀ ਪੱਕਣ ਵਾਲੀ ਇਕ ਦੋਗਲੀ ਕਿਸਮ ਪੰਜਾਬ ਬੇਬੀ ਕੌਰਨ 1 ਦੀ ਸਿਫਾਰਸ਼ ਕੀਤੀ ਗਈ ਹੈ। ਪੀ ਏ ਯੂ ਵੱਲੋਂ ਪਹਿਲਾਂ ਸਿਫਾਰਸ਼ ਕੀਤੀ ਗਈ ਕਿਸਮਾਂ 'ਚੋਂ ਕਿਸਾਨਾਂ ਨੂੰ ਵਪਾਰਕ ਵਰਤੋਂ ਲਈ ਚੰਗੀ ਕੁਆਲਿਟੀ ਦੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡੇ ਕੱਢਦੇ ਪੈਂਦੇ ਹਨ। ਇਸ ਰੁਕਾਵਟ ਨੂੰ ਸਿਫਾਰਸ਼ ਕੀਤੀ ਕਿਸਮ 'ਚ ਸਫਲਤਾ ਪੂਰਵਕ ਦੂਰ ਕੀਤਾ



ਗਿਆ ਹੈ। ਪੰਜਾਬ ਬੇਬੀ ਕੌਰਨ 1 ਕਿਸਮ ਸਾਈਟੋਪਲਾਜ਼ਮਿਕ ਮੇਲ ਸਟਰਲਿਟੀ ਤੇ ਅਧਾਰਿਤ ਹੈ, ਜਿਸਦਾ ਮਤਲਬ ਇਹ ਹੈ ਇਸ ਕਿਸਮ 'ਚ ਪਰਾਗ ਕਣ ਨਹੀਂ ਹੁੰਦੇ।

ਇਸ ਲਈ ਕਿਸਾਨਾਂ ਨੂੰ ਚੰਗੀ ਗੁਣਵੱਤਾ ਵਾਲੇ ਬੇਬੀ ਕੌਰਨ ਪ੍ਰਾਪਤ ਕਰਨ ਲਈ ਬਾਬੂ ਝੰਡਿਆਂ ਨੂੰ ਕੱਢਣ (ਡੀਟੈਸਲਿੰਗ) ਦੀ ਲੋੜ ਨਹੀਂ ਪੈਂਦੀ ਕਿਉਂਕਿ ਪਰਾਗਣ ਨਾਲ ਬੀਜ ਬਣ ਜਾਂਦਾ ਹੈ ਅਤੇ ਜੋ ਕਿ ਇਸ ਨੂੰ ਬੇਬੀ ਕੌਰਨ ਦੇ ਤੌਰ 'ਤੇ ਅਸਵੀਕਾਰਯੋਗ ਬਣਾ ਦਿੰਦਾ ਹੈ। ਇਸ ਨਾਲ ਬਾਬੂ ਝੰਡਿਆਂ ਨੂੰ ਕੱਢਣ ਲਈ ਹੋਣ ਵਾਲੇ ਸਮੇਂ, ਮਿਹਨਤ ਅਤੇ ਖਰਚੇ ਦੀ ਬੱਚਤ ਹੁੰਦੀ ਹੈ। ਇਹ ਕਿਸਮ ਲੱਗਭਗ ਬਿਜਾਈ ਤੋਂ 52 ਦਿਨਾਂ ਬਾਅਦ ਬੇਬੀ ਕੌਰਨ ਦੀ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਕਿਸਾਨ 10-12 ਦਿਨਾਂ ਦੇ ਵਕਫੇ 'ਚ 2 ਤੋਂ 3 ਤੁੜਾਈਆਂ ਲੈ ਸਕਦੇ ਹਨ। ਇਸ ਕਿਸਮਾਂ ਦੇ ਬੇਬੀਕੌਰਨ ਤੁੜਾਈ ਤੋਂ ਬਾਅਦ, ਕਿਸਾਨ ਮੱਕੀ ਦੇ ਟਾਂਡਿਆਂ ਨੂੰ ਹਰੇ ਚਾਰੇ ਵਜੋਂ ਵਰਤ ਸਕਦੇ ਹਨ। ਇਹ ਕਿਸਮ ਬੇਬੀ ਕੌਰਨ ਦੀ ਤੁੜਾਈ ਪੂਰੀ ਹੋਣ ਤੋਂ ਬਾਅਦ 128 ਕੁਇੰਟਲ ਪ੍ਰਤੀ ਏਕੜ ਚਾਰੇ ਦਾ ਝਾੜ ਦਿੰਦੀ ਹੈ।

### ਬਿਜਾਈ ਦਾ ਸਮਾਂ ਤੇ ਢੰਗ

ਬੇਬੀ ਕੌਰਨ ਦੀ ਕਾਸ਼ਤ ਅਪ੍ਰੈਲ ਤੋਂ ਅਗਸਤ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ। ਇਕ ਏਕੜ ਬਿਜਾਈ ਲਈ 20 ਕਿਲੋ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ। ਬਿਜਾਈ ਸਿੱਧੀਆਂ ਕਤਾਰਾਂ 'ਚ ਕਰੋ। ਕਤਾਰ ਤੋਂ ਕਤਾਰ 20 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖਦਾ ਚਾਹੀਦਾ ਹੈ। ਸਾਰਾ ਖੇਤ ਇੱਕੋ ਵਾਰ ਨਹੀਂ ਬੀਜਣਾ ਚਾਹੀਦਾ। ਖੇਤ ਨੂੰ ਦੋ ਜਾਂ ਤਿੰਨ ਹਿੱਸਿਆਂ 'ਚ ਵੰਡ ਲਵੋ ਅਤੇ ਥੋੜ੍ਹੇ-ਥੋੜ੍ਹੇ ਵਕਫੇ ਮਗਰੋਂ ਬਿਜਾਈ ਕਰੋ ਤਾਂ ਜੋ ਸਮੇਂ ਸਿਰ ਮਾਰਕੀਟ ਦੀ ਮੰਗ ਅਨੁਸਾਰ ਸਪਲਾਈ ਕੀਤੀ ਜਾ ਸਕੇ।

### ਸੰਭਾਵੀ ਫਸਲੀ ਚੱਕਰ

ਕਿਉਂਕਿ ਬੇਬੀ ਕੌਰਨ ਦੀ ਫਸਲ ਸਿਰਫ 60-65 ਦਿਨਾਂ ਦੀ ਹੈ ਸੋ ਅਪ੍ਰੈਲ ਤੋਂ ਸਤੰਬਰ ਤੱਕ ਦੋ ਜਾਂ ਤਿੰਨ ਫਸਲਾਂ ਲਗਾਤਾਰ ਇਕੋ ਹੀ ਖੇਤ 'ਚੋਂ ਲਈਆ ਜਾ ਸਕਦੀਆਂ ਹਨ। ਅਪ੍ਰੈਲ 'ਚ ਬੀਜੀ ਬੇਬੀ ਕੌਰਨ ਤੋਂ ਬਾਅਦ ਜੂਨ-ਜੁਲਾਈ 'ਚ ਝੋਨਾ ਜਾਂ ਬਾਸਮਤੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ। ਬੇਬੀ ਕੌਰਨ ਦੀਆਂ ਲਗਾਤਾਰ ਦੋ ਫਸਲਾਂ ਲੈਣ ਤੋਂ ਬਾਅਦ ਸਤੰਬਰ 'ਚ ਅਗੇਤੇ



ਮਟਰ ਜਾਂ ਅਕਤੂਬਰ 'ਚ ਆਲੂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਬੇਬੀ ਕੌਰਨ ਖੇਤੀ ਆਮਦਨ ਵਧਾਉਣ ਅਤੇ ਖੇਤੀ ਵੰਨ-ਸਵੰਨਤਾ 'ਚ ਅਹਿਮ ਯੋਗਦਾਨ ਪਾ ਸਕਦੀ ਹੈ।

### ਖਾਦਾਂ ਦੀ ਵਰਤੋਂ

ਖੁਰਾਕੀ ਤੱਤਾਂ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫਸਲੀ ਚੱਕਰ ਅਨੁਸਾਰ ਕਰੋ। ਚੰਗਾ ਝਾੜ ਲੈਣ ਲਈ 52 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੀ ਵਰਤੋਂ ਕਰੋ। ਜੇਕਰ ਖੇਤ 'ਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਡੀ ਏ ਪੀ 27 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਘਟਾ ਦਿਉ। ਖਾਦਾਂ ਦੀ ਸਮੇਂ ਸਿਰ ਵਰਤੋ ਫਸਲ ਦਾ ਝਾੜ ਵਧਾਉਂਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਅਤੇ ਅੱਧਾ ਹਿੱਸਾ ਯੂਰੀਆ ਖਾਦ ਜਦ ਫਸਲ ਗੋਡੇ-ਗੋਡੇ ਹੋ ਜਾਵੇ ਉਸ ਵੇਲੇ ਪਾਓ।

### ਬੇਬੀ ਕੌਰਨ 'ਚ ਖੁਰਾਕੀ ਤੱਤ

ਬੇਬੀ ਕੌਰਨ 'ਚ ਉਹ ਸਾਰੇ ਜ਼ਰੂਰੀ ਤੱਤ ਹੁੰਦੇ ਹਨ ਜੋ ਦੂਸਰੀਆਂ ਸਬਜ਼ੀਆਂ 'ਚ ਹੁੰਦੇ ਹਨ। ਬੇਬੀ ਕੌਰਨ 'ਚ ਪ੍ਰੋਟੀਨ, ਵਿਟਾਮਿਨ, ਕੈਲਸ਼ੀਅਮ, ਆਇਰਨ ਆਦਿ ਹੁੰਦਾ ਹੈ। ਇਸ ਤੋਂ ਇਲਾਵਾ ਇਸ 'ਚ ਫਾਸਫੋਰਸ ਵੀ ਕਾਫੀ ਮਾਤਰਾ 'ਚ ਹੁੰਦਾ ਹੈ।




ਕੁਦਰਤ ਦੀ ਸੁੰਦਰ ਸਿਰਜਣਾ ਵਿਚ ਮਨੁੱਖ ਦੇ ਨਾਲ-ਨਾਲ ਰੁੱਖਾਂ, ਬੂਟਿਆਂ ਅਤੇ ਬਨਸਪਤੀ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਕੁਦਰਤ ਨਾਲ ਸੰਘਰਸ਼ ਕਰਕੇ ਮਨੁੱਖ ਨੇ ਸੱਭਿਆਚਾਰ ਨੂੰ ਸਿਰਜਿਆ ਅਤੇ ਇਸ ਸਿਲਸਿਲੇ ਵਿਚ ਸਭ ਤੋਂ ਵੱਧ ਨੁਕਸਾਨ ਰੁੱਖਾਂ ਦਾ ਹੀ ਹੋਇਆ। ਬੀਤੇ ਸਮਿਆਂ ਵਿਚ ਵਿਕਾਸ ਦੀ ਤੇਜ਼ ਧਾਰਾ ਨੇ ਬਹੁਤ ਸਾਰੇ ਰੁੱਖਾਂ ਦੀ ਬਲੀ ਲਈ। ਮਨੁੱਖ ਦਾ ਕੁਦਰਤ ਨਾਲ ਸੰਬੰਧ ਪਹਿਲਾਂ ਵਾਂਗ ਨਾ ਰਹਿਣ ਕਰਕੇ ਨਵੇਂ ਰੁੱਖ ਲਾਉਣ ਦੀ ਗਤੀ ਵੀ ਮੱਧਮ ਹੋਈ ਹੈ।

ਰੁੱਖਾਂ ਹੇਠ ਰਕਬਾ ਘਟਣ ਦੇ ਬਹੁਤ ਸਾਰੇ ਵਾਤਾਵਰਣੀ ਨੁਕਸਾਨ ਵੀ ਦੇਖਣ ਵਿਚ ਆਏ ਹਨ। ਮਾਹਿਰ ਹਵਾ ਦੀ ਸ਼ੁੱਧਤਾ ਦੀ ਦਰ ਘਟਣ ਦੀ ਗੱਲ ਕਰਦੇ ਹਨ। ਜ਼ਮੀਨ ਹੇਠਲੇ ਪਾਣੀ ਦੇ ਹੋਰ ਨੀਵੇਂ ਹੋਣ ਦਾ ਇਕ ਕਾਰਨ ਰੁੱਖਾਂ ਦਾ ਘਟਣਾ ਹੈ। ਭੋਇੰ ਖੋਰ ਤੇ ਮਿੱਟੀ ਦੇ ਕਟਾਅ ਦੇ ਨਾਲ-ਨਾਲ ਆਏ ਸਾਲ ਬਰਸਾਤਾਂ ਨੂੰ ਆਉਣ ਵਾਲੇ ਹੜ੍ਹ ਦਾ ਇਕ ਕਾਰਨ ਰੁੱਖਾਂ ਦੀ ਗਿਣਤੀ ਵਿਚ ਆਈ ਕਮੀ ਵੀ ਹੈ।

ਪਿਛਲੇ ਸਮੇਂ ਤੋਂ ਪੰਜਾਬ ਵਿਚ ਸੜਕਾਂ ਦਾ ਜਾਲ ਵਿਛਣ ਕਾਰਨ ਵੱਢੇ ਗਏ ਬੂਟਿਆਂ ਅਤੇ ਦਰੱਖਤਾਂ ਬਾਰੇ ਜਾਗਰੂਕਤਾ ਦੇਖਣ ਨੂੰ ਮਿਲੀ। ਵਿਸ਼ੇਸ਼ ਤੌਰ ਤੇ ਸ਼ੋਸ਼ਲ ਮੀਡੀਆ 'ਤੇ ਇਹ ਸੰਵੇਦਨਾ ਕੁਝ ਜ਼ਿਆਦਾ ਹੀ ਉੱਭਰਵੇਂ ਰੂਪ ਵਿਚ ਦਿਖਾਈ ਦਿੱਤੀ। ਸਾਲ ਦਾ ਮੌਜੂਦਾ ਸਮਾਂ ਸਾਡੇ ਰੁੱਖ ਲਗਾਉਣ ਦੇ ਸੁਪਨਿਆਂ ਨੂੰ ਹਕੀਕਤ ਦਾ ਰੂਪ ਦੇਣ ਵਾਲਾ ਹੈ, ਇਸ ਲਈ ਬਰਸਾਤ ਦੇ ਮੌਸਮ ਵਿਚ ਰੁੱਖਾਂ ਪ੍ਰਤੀ ਜਾਗਰੂਕ ਲੋਕਾਂ ਨੂੰ ਉੱਦਮ ਕਰਨ ਦੀ ਲੋੜ ਹੈ।

ਮਨੁੱਖ ਕਿਸੇ ਵੀ ਵਰਤਾਰੇ ਦਾ ਹਿੱਸਾ ਬਣਨ ਤੋਂ ਪਹਿਲਾਂ ਉਸ ਦੇ ਲਾਭ ਤੇ ਹਾਨੀਆਂ ਬਾਰੇ ਬਹੁਤ ਸੋਚਦਾ ਹੈ। ਰੁੱਖਾਂ ਨੂੰ ਸਾੜਨ ਪਿੱਛੇ ਇਕ ਵੱਡਾ ਕਾਰਨ ਸੜਕਾਂ ਕਿਨਾਰੇ ਲੱਗੇ ਰੁੱਖਾਂ ਦਾ ਛੌਰਾ ਖੇਤਾਂ ਦੀਆਂ ਫਸਲਾਂ ਤੱਕ ਜਾਣਾ ਵੀ ਹੈ। ਇਸ ਲਈ ਨਵੇਂ ਰੁੱਖਾਂ ਨੂੰ ਲਾਉਣ ਤੋਂ ਪਹਿਲਾਂ ਉਨ੍ਹਾਂ ਦੇ ਕਾਰਜਾਂ ਬਾਰੇ ਜਾਣ ਕੇ ਹੀ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਸਕੇਗਾ।

ਰੁੱਖਾਂ ਦੇ ਬਹੁਤ ਸਾਰੇ ਦਿਸਦੇ-ਅਣਦਿਸਦੇ ਕਾਰਜ ਹਨ। ਦਿਸਦੇ ਕਾਰਜਾਂ ਵਿਚ ਉਹ ਮਨੁੱਖ ਲਈ ਛਾਂ ਦਾ ਸਬੱਬ ਬਣਦੇ ਹਨ, ਫਲ ਦਿੰਦੇ ਹਨ ਤੇ ਆਲੇ-ਦੁਆਲੇ ਨੂੰ ਸੁਹੱਪਣ ਨਾਲ ਭਰਪੂਰ ਕਰਦੇ ਹਨ। ਇਸ ਲਈ ਇਨ੍ਹਾਂ ਦਿਨਾਂ ਵਿਚ ਸਦਾਬਹਾਰ ਫਲਦਾਰ ਬੂਟੇ, ਛਾਂਦਾਰ ਬੂਟੇ ਤੇ ਸਜਾਵਟੀ ਬੂਟੇ ਲਾਉਣੇ ਚਾਹੀਦੇ ਹਨ। ਇਨ੍ਹਾਂ ਰੁੱਖਾਂ ਤੇ ਬੂਟਿਆਂ ਨੂੰ ਲਾਉਣ ਦਾ ਸਮਾਂ ਸਾਲ ਵਿਚ ਦੋ ਵਾਰ ਆਉਂਦਾ ਹੈ। ਫੱਗਣ ਦੀ ਰੁੱਤ ਵਿਚ ਜਦੋਂ ਸਰਦੀਆਂ ਤੋਂ ਬਾਅਦ ਬਦਲਦੀ ਰੁੱਤ ਵਿਚ ਟਾਹਣੀਆਂ ਪੁੰਗਾਰੇ ਪੈਂਦੀਆਂ ਹਨ ਤੇ ਬਰਸਾਤ ਵਿਚ ਜਦੋਂ ਧਰਤੀ ਵਿਚ ਵਾਧੂ ਨਮੀਂ ਬੂਟਿਆਂ ਦੀਆਂ ਜੜ੍ਹਾਂ ਨੂੰ ਚੱਲਣ ਵਿਚ ਸਹਾਈ ਹੁੰਦੀ ਹੈ।

ਅੱਜਕਲ੍ਹ ਪੱਛਮੀ ਤਰਜ਼ ਦੇ ਰੁੱਖ ਲਾਉਣ ਦਾ ਰੁਝਾਨ ਵੀ ਵਧਿਆ ਹੈ। ਰੁੱਖ ਲਾਉਣ ਸਮੇਂ ਇਹ ਗੱਲ ਧਿਆਨ ਵਿਚ ਰੱਖੀ ਜਾਵੇ ਕਿ ਇਸ ਧਰਤੀ ਦੇ ਦੇਸੀ ਰੁੱਖ ਹੀ ਲਏ ਜਾਣ। ਇਹ ਰੁੱਖ ਸਦੀਆਂ ਤੋਂ ਇਸ ਥਾਂ ਦੇ ਮਨੁੱਖਾਂ ਤੇ ਮਿੱਟੀ ਨੂੰ ਜਾਣਦੇ ਹਨ ਤੇ ਮਨੁੱਖੀ ਸਿਹਤ 'ਤੇ ਵੀ ਇਨ੍ਹਾਂ ਦਾ ਅਸਰ ਹਾਂਵਾਚੀ ਹੁੰਦਾ ਹੈ।

ਫਲਦਾਰ ਰੁੱਖ ਲਾਉਣ ਸਮੇਂ ਨਿੰਬੂ ਜਾਤੀ ਦੇ ਫਲ ਸੰਗਤਰਾ, ਕਿੰਨੂ, ਮਾਲਟਾ, ਗਰੇਪਫਰੂਟ, ਨਿੰਬੂ, ਅਮਰੂਦ, ਅੰਬ, ਲੀਚੀ, ਚੀਕੂ, ਬੇਰ, ਆਂਵਲਾ, ਲੁਕਾਠ, ਕੇਲਾ, ਪਪੀਤਾ ਆਦਿ ਨੂੰ ਤਰਜੀਹ ਦਿਓ। ਕੋਵਿਡ ਤੋਂ ਬਾਅਦ ਪੋਸ਼ਕ ਤੱਤਾਂ ਦੀ ਲੋੜ ਬਾਰੇ ਮਾਹਿਰਾਂ ਨੇ ਵੀ ਮਨੁੱਖੀ ਆਬਾਦੀ ਨੂੰ ਸੁਚੇਤ ਕੀਤਾ ਹੈ।

ਸਾਨੂੰ ਆਮ ਤੌਰ ਤੇ ਬਾਜ਼ਾਰ ਵਿਚ ਵਿਕਣ ਵਾਲੇ ਫਲਾਂ ਵਿਚ ਮਿਲਾਵਟ ਤੇ ਰਸਾਇਣਾਂ ਦੀ ਵਰਤੋਂ ਦੀ ਸ਼ਿਕਾਇਤ ਵੀ ਰਹਿੰਦੀ ਹੈ। ਇਸ ਲਈ ਜ਼ਮੀਨਾਂ ਵਾਲੇ ਲੋਕਾਂ ਨੂੰ ਤਾਂ ਘੱਟੋ ਘੱਟ ਘਰ ਦੀ ਵਰਤੋਂ ਜੋਗੇ ਫਲਾਂ ਨੂੰ ਲਾਉਣਾ ਹੀ ਚਾਹੀਦਾ ਹੈ। ਸਿਆਣੇ ਕਿਸਾਨ ਤਾਂ ਪੂਰੇ ਸਾਲ ਜੋਗੇ ਫਲਾਂ ਦੀ ਆਮਦ ਦੀ ਵਿਉਂਤਬੰਦੀ ਵੀ ਕਰਨ ਲੱਗੇ ਹਨ।

ਛਾਂਦਾਰ ਰੁੱਖਾਂ ਵਿਚ ਸਕੂਲਾਂ, ਕਾਲਜਾਂ ਤੇ ਹੋਰ ਥਾਵਾਂ 'ਤੇ ਬੋਤਲ ਬੁਰਸ਼, ਬੜਾ ਚੰਪਾ, ਅਮਲਤਾਸ, ਨੀਲੀ ਮੋਹਰ, ਗੁਲਾਚੀਨ ਆਦਿ ਹਨ। ਸਾਂਝੀਆਂ ਥਾਵਾਂ 'ਤੇ ਨਿੰਮ, ਸੁਖਚੈਨ, ਮੋਲਸਰੀ, ਪਿਲਕਣ, ਕੁਸਮ ਆਦਿ ਲਾਏ ਜਾ ਸਕਦੇ ਹਨ। ਸੜਕਾਂ ਦੇ ਕੰਢਿਆਂ 'ਤੇ ਸਿਲਅਰ ਓਕ, ਨੀਲੀ ਮੋਹਰ, ਮਲੀਟੀਆ, ਕਣਕ ਚੰਪਾ ਆਦਿ ਲਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਵਾੜ ਬਣਾਉਣ ਲਈ ਸੰਘਣੀਆਂ ਟਾਹਣੀਆਂ ਵਾਲੇ ਰੁੱਖਾਂ ਜਿਵੇਂ ਓਕ, ਜੋੜ-ਤੋੜ, ਸਫੈਦਾ, ਅਸ਼ੋਕਾ ਆਦਿ ਨੂੰ ਇਸਤੇਮਾਲ ਕਰੋ ਅਤੇ ਜ਼ਿਆਦਾ ਪ੍ਰਦੂਸ਼ਿਤ ਥਾਵਾਂ ਤੇ ਮਿੱਟੀ-ਘੱਟੇ ਵਾਲੀਆਂ ਥਾਵਾਂ ਤੇ ਫੈਕਟਰੀਆਂ ਦੁਆਲੇ ਨਿੰਮ, ਸੱਤ ਪੱਤੀਆ, ਕਾਈਜੀਲੀਆ, ਅਸ਼ੋਕਾ, ਗੁਲਾਚੀਨ ਆਦਿ ਰੁੱਖ ਲਾਓ।


ਇਸ ਤੋਂ ਇਲਾਵਾ ਸਜਾਵਟੀ ਰੁੱਖ ਮਾਨਸਿਕਤਾ ਨੂੰ ਸ਼ਾਂਤ ਅਤੇ ਆਲੇ ਦੁਆਲੇ ਨੂੰ ਸੁਹਜ ਨਾਲ ਭਰਪੂਰ ਰੱਖਦੇ ਹਨ। ਇਨ੍ਹਾਂ ਨੂੰ ਆਪਣੇ ਘਰਾਂ ਦੇ ਆਲੇ-ਦੁਆਲੇ ਸਾਂਝੀਆਂ ਥਾਵਾਂ 'ਤੇ ਲਾ ਕੇ ਅਸੀਂ ਕੁਦਰਤ ਦੇ ਨੇੜੇ ਹੋਣ ਦਾ ਸੁਪਨਾ ਸਾਕਾਰ ਕਰ ਸਕਦੇ ਹਾਂ। ਇਹ ਸਾਰੇ ਰੁੱਖਾਂ ਦੇ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚੋਂ ਆਸਾਨੀ ਨਾਲ ਤੇ ਨਿਗੂਣੀ ਜਿਹੀ ਕੀਮਤ 'ਤੇ ਪ੍ਰਾਪਤ ਹੋ ਸਕਦੇ ਹਨ। ਇਸ ਦੇ ਨਾਲ ਹੀ ਪੰਜਾਬ ਬਾਗਬਾਨੀ ਵਿਭਾਗ ਦੀਆਂ ਅਨੇਕ ਥਾਵਾਂ 'ਤੇ ਨਰਸਰੀਆਂ ਵੀ ਬੂਟੇ ਦੇਣ ਦੇ ਕਾਰਜ ਨਾਲ ਜੁੜੀਆਂ ਹੋਈਆਂ ਹਨ। ਬੂਟੇ ਪ੍ਰਾਪਤ ਕਰਨਾ ਔਖਾ ਨਹੀਂ, ਇਨ੍ਹਾਂ ਨੂੰ ਲਾ ਕੇ ਇਨ੍ਹਾਂ ਦੀ ਦੇਖ-ਰੇਖ ਕਰਨਾ ਜ਼ਿੰਮੇਵਾਰੀ ਵਾਲਾ ਕਾਰਜ ਹੈ। ਰੁੱਖਾਂ ਬਿਨਾਂ ਨਾ ਇਹ ਧਰਤੀ ਬਚੀ ਰਹੇਗੀ ਨਾ ਹੀ ਇਸ ਧਰਤੀ ਦੀ ਵਸੋਂ। ਸਾਨੂੰ ਯਾਦ ਰੱਖਣਾ ਪਵੇਗਾ ਕਿ ਇਹ ਧਰਤੀ ਤੇ ਕੁਦਰਤ ਸਾਨੂੰ ਵਿਰਾਸਤ ਵਜੋਂ ਨਹੀਂ ਮਿਲੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁੰਦਰ ਬਣਾਉਣ ਦੇ ਫਰਜ਼ ਵਜੋਂ ਅਸੀਂ ਇਸ ਧਰਤੀ ਦੇ ਵਸਨੀਕ ਹਾਂ।



# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

**ਝੋਨਾ** : ਝੋਨੇ ਦੀ ਫਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿਚ ਤਰੇੜਾਂ ਨਾ ਪੈਣ ਦਿਓ। ਜੇਕਰ ਨਾਈਟ੍ਰੋਜਨ ਦੀ ਅਖੀਰਲੀ ਕਿਸ਼ਤ ਨਹੀਂ ਪਾਈ ਤਾਂ 30 ਕਿੱਲੋ ਯੂਰੀਆ ਪਾ ਦਿਓ। ਯੂਰੀਆ ਖਾਦ ਪੱਤਾ ਰੰਗ ਚਾਰਟ ਵਿਧੀ ਨਾਲ ਪਾਉਣੀ ਹੈ ਤਾਂ ਜੇ 10 ਵਿੱਚੋਂ 6 ਪੱਤੇ, ਪੱਤਾ ਰੰਗ ਦੀ ਟਿੱਕੀ ਨੰ. 4 ਤੋਂ ਫਿੱਕੇ ਹੋਣ ਤਾਂ ਹੀ 25 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਸਿੱਧੀ ਬਿਜਾਈ ਵਾਲੇ ਝੋਨੇ ਨੂੰ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲਗਭਗ 43 ਕਿੱਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 6 ਅਤੇ 9 ਹਫਤਿਆਂ ਤੇ ਪਾਓ। ਬਹੁਤ ਮਾੜੀਆਂ ਜ਼ਮੀਨਾਂ ਵਿਚ ਸਿਫਾਰਸ਼ ਮਾਤਰਾ ਵਿਚ ਜ਼ਿੰਕ ਸਲਫੇਟ ਪਾਉਣ ਦੇ ਬਾਵਜੂਦ ਵੀ ਧੌੜ੍ਹੀਆਂ ਵਿੱਚ ਜ਼ਿੰਕ ਦੀ ਘਾਟ ਆ ਸਕਦੀ ਹੈ। ਅਜਿਹੀਆਂ ਹਾਲਤਾਂ ਵਿਚ 10 ਕਿੱਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਅਤੇ ਓਨੀ ਹੀ ਸੁੱਕੀ ਮਿੱਟੀ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਧੌੜ੍ਹੀਆਂ ਵਿਚ ਪਾ ਕੇ ਇਸ ਤੱਤ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਰੇਤਲੀਆਂ ਜ਼ਮੀਨਾਂ ਵਿਚ ਆਮ ਤੌਰ ਤੇ ਲੋਹੇ ਦੀ ਘਾਟ ਆ ਜਾਂਦੀ ਹੈ। ਇਸ ਤੱਤ ਤੋਂ ਪ੍ਰਭਾਵਿਤ ਬੂਟਿਆਂ ਦੇ ਨਵੇਂ ਪੱਤੇ ਸ਼ੁਰੂ ਵਿਚ ਪੀਲੇ ਅਤੇ ਬਾਅਦ ਵਿਚ ਚਿੱਟੇ ਨਜ਼ਰ ਆਉਂਦੇ ਹਨ ਇਸ ਤੱਤ ਦੀ ਕਮੀ ਨੂੰ 1 ਪ੍ਰਤੀਸ਼ਤ ਫੈਰਸ ਸਲਫੇਟ ਦਾ ਘੋਲ (1.0 ਕਿਲੋ ਫੈਰਸ ਸਲਫੇਟ ਅਤੇ 100 ਲਿਟਰ ਪਾਣੀ) ਪ੍ਰਤੀ ਏਕੜ ਦੇ



ਹਿਸਾਬ ਛਿੜਕਾਅ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਇਹ ਛਿੜਕਾਅ 2-3 ਵਾਰ ਹਫਤੇ-ਹਫਤੇ ਦੇ ਵਕਫੇ ਤੇ ਕਰੋ।

ਅਗੇਤੇ ਬੀਜੇ ਹੋਏ ਝੋਨੇ ਦੇ ਪੱਤੇ ਝੁਲਸ ਰੋਗ ਕਾਰਨ ਸੁੱਕੇ ਹੋਏ ਨਜ਼ਰ ਆਉਣਗੇ। ਇਸ ਬਿਮਾਰੀ ਦਾ ਇਲਾਜ ਕਿਸੇ ਵੀ ਦਵਾਈ/ਜ਼ਹਿਰ ਦੇ ਸਪਰੇ ਨਾਲ ਨਹੀਂ ਕੀਤਾ ਜਾ ਸਕਦਾ। ਜ਼ਿਆਦਾ ਨਾਈਟ੍ਰੋਜਨ ਖਾਦ ਦਾ ਪਾਉਣਾ ਅਤੇ ਜ਼ਿਆਦਾ ਪਾਣੀ ਖੇਤ ਵਿਚ ਖੜ੍ਹਾ ਰੱਖਣਾ ਇਸ ਬਿਮਾਰੀ ਨੂੰ ਵੱਧਣ ਵਿਚ ਸਹਾਇਕ ਹੁੰਦੇ ਹਨ। ਇਸ ਮਹੀਨੇ ਹਫਤੇ ਵਿਚ ਤਣੇ ਦੁਆਲੇ ਝੁਲਸ ਰੋਗ ਦਾ ਹਮਲਾ ਦੇਖਿਆ ਜਾ ਸਕਦਾ ਹੈ। ਇਸ ਬਿਮਾਰੀ ਦੀ ਰੋਕਣ ਲਈ ਪਲਸਰ/ ਇਗਲੇਅਰ 24 ਐਸ ਸੀ 150 ਮਿ.ਲਿ. ਜਾਂ ਐਪਿਕ 75 ਡਬਲਯੂ ਜੀ 26.8 ਗ੍ਰਾਮ ਜਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਐਮੀਸਟਾਰ ਟੋਪ 325 ਐਸ ਸੀ 200 ਮਿ.ਲਿ. ਜਾਂ ਨਟੀਵੋ 75 ਡਬਲਯੂ ਜੀ 80 ਗ੍ਰਾਮ ਜਾਂ ਫੋਲੀਕਰ/ਓਰੀਅਸ 25 ਈ ਸੀ 200 ਮਿ.ਲਿ. ਜਾਂ ਟਿਲਟ/ ਬੰਪਰ 25 ਜਾਂ ਮੋਨਸਰਨ 250 ਐਸ ਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇਕਸਾਰ ਛਿੜਕਾਅ ਕਰੋ। ਖੇਤ ਦੀਆਂ ਵੱਟਾਂ ਨੂੰ ਘਾਹ ਫੂਸ ਤੋਂ ਰਹਿਤ ਰੱਖੋ। ਜੇਕਰ ਝੂਠੀ ਕਾਂਗਿਆਰੀ ਆਉਣ ਦਾ ਖਤਰਾ ਹੋਵੇ ਤਾਂ ਗਲੈਲਿਓ ਵੇਅ 18.76 ਐਸ ਸੀ 400 ਮਿ.ਲਿ. ਜਾਂ ਕੋਸਾਈਡ 46 ਡੀ ਐਫ 500 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਪਾ ਕੇ ਜਦੋਂ ਫਸਲ ਗੋਭ ਵਿਚ ਹੋਵੇ ਛਿੜਕਾਅ ਕਰੋ।

**ਤਣੇ ਦੇ ਗੜੂੰਏ** : ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣੇ ਅੰਦਰ ਮੋਰੀਆਂ ਕਰਕੇ ਗੋਭ ਨੂੰ ਸੁਕਾ ਦਿੰਦੀਆਂ ਹਨ। ਜਦੋਂ ਇਹ ਸੁੰਡੀਆਂ ਥੋੜਾ ਪੱਛੜ ਕੇ ਬੂਟਿਆਂ ਤੇ ਹਮਲਾ ਕਰਦੀਆਂ ਹਨ ਤਾਂ ਹਮਲੇ ਦੇ ਸ਼ਿਕਾਰ ਬੂਟੇ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਜਦ ਖੇਤ ਵਿਚ 5 ਪ੍ਰਤੀਸ਼ਤ ਤੋਂ ਵੱਧ ਸੁੱਕੀਆਂ ਗੋਭਾਂ ਨਜ਼ਰ ਆਉਣ ਤਾਂ ਫਸਲ ਤੇ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟੌਕਸੀ 20 ਡਬਲਯੂ ਜੀ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਗ੍ਰਾਮ ਸੁਪਰੀਮ 50 ਡਬਲਯੂ ਪੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ। ਬਾਸਮਤੀ ਵਿਚ ਉਪਰੋਕਤ ਦਵਾਈਆਂ ਤੋਂ ਇਲਾਵਾ 1 ਲਿਟਰ ਅਚੂਕ/ਨੀਮ ਕਵੱਚ ਜਾਂ 4 ਕਿੱਲੋਗ੍ਰਾਮ ਫਰਟੇਰਾ 0.4 ਜੀ ਆਰ (ਕਲੋਰੈਨਟਰਾਨਿਲੀਪਰੋਲ) ਜਾਂ 10 ਕਿਲੋਗ੍ਰਾਮ ਪਦਾਨ/ਕੈਲਡਾਨ/ਕਰੀਟਾਪ/ਸੈਨਵੈਕਸ/ ਨਿਦਾਨ/ਮਾਰਕਟੈਪ/ਮਿਫਟੈਪ/ਕਾਤਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ) 6 ਕਿੱਲੋਗ੍ਰਾਮ ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਂਵੀਰ ਜੀ ਆਰ/ਸਿਨਜ਼ੇਨ 0.3 ਜੀ (ਫਿਪਰੋਨਿਲ) ਪ੍ਰਤੀ ਏਕੜ ਦੇ ਹਿਸਾਬ ਵਰਤਣ ਨਾਲ ਤਣੇ ਦੇ ਗੜੂੰਏਂ ਦੀ ਰੋਕਥਾਮ ਨਾਲ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਵੀ ਹੋ ਜਾਂਦੀ ਹੈ। ਬਾਸਮਤੀ ਝੋਨੇ ਵਿਚ ਜੇ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਹੀ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

**ਪੱਤਾ ਲਪੇਟ ਸੁੰਡੀ** : ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਲਪੇਟ ਲੈਂਦੀਆਂ ਹਨ ਅਤੇ ਅੰਦਰੋਂ-ਅੰਦਰ ਹਰਾ ਮਾਦਾ ਖਾਈ ਜਾਂਦੀਆਂ ਹਨ। ਜਦੋਂ ਪੱਤਿਆਂ ਦਾ ਨੁਕਸਾਨ 10 ਪ੍ਰਤੀਸ਼ਤ ਤੋਂ ਵਧੇਰੇ ਹੋਵੇ ਤਾਂ ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਓ ਅਤੇ ਫਿਰ ਉਨ੍ਹੀਂ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫਸਲ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ। ਇਸ ਕੀੜੇ ਦੀ ਰੋਕਥਾਮ ਲਈ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 400 ਗ੍ਰਾਮ ਸੁਪਰੀਮ 50 ਡਬਲਯੂ ਪੀ ਜਾਂ 170 ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ ਅਜ਼ੈਡੀਰੈਕਟਿਨ 5% ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕੋ। ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ।

**ਬੂਟਿਆਂ ਦੇ ਟਿੱਡੇ** : ਇਨ੍ਹਾਂ ਟਿੱਡਿਆਂ ਦੀ ਰੋਕਥਾਮ ਲਈ ਫਸਲ ਤੇ 94 ਮਿ.ਲਿ. ਪੈਕਸਾਲੋਨ 10 ਐਸ ਸੀ (ਟ੍ਰਾਈਫਲੂਮੀਜ਼ੋਪਾਇਰਮ) ਜਾਂ ਟੋਕਨ/ਓਸ਼ੀਨ/ਡੋਮਿਨੈਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ ਪਾਇਰੀਮਿਕਸਾਨ) ਜਾਂ 300 ਮਿਲੀਲਿਟਰ ਇਮੇਜਿਨ 10 ਐਸ ਸੀ (ਫਲੂਪਾਇਰੀਮਿਨ) ਜਾਂ 800 ਮਿਲੀਲਿਟਰ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈਸੀ (ਕੁਇਨਲਫਾਸ) ਜਾਂ 80 ਮਿਲੀਲਿਟਰ ਇਕੋਟਿਨ ਜਾਂ 4 ਲਿਟਰ ਪੀ ਏ ਯੂ ਨਿੰਮ ਦਾ ਘੋਲ 100 ਲਿਟਰ ਪਾਣੀ ਵਿਚ ਪਾ ਕੇ ਛਿੜਕਾਅ ਕਰੋ। ਛਿੜਕਾਅ ਦਾ ਰੁੱਖ ਬੂਟਿਆਂ ਦੇ ਮੁੱਢਾਂ ਵੱਲ ਨੂੰ ਰੱਖੋ।



**ਮੱਕੀ** : ਮੱਕੀ ਦੇ ਚੰਗੇ ਵਧੇ ਲਈ ਢੁੱਕਵੀਂ ਸਿੰਚਾਈ ਕਰਨਾ ਜ਼ਰੂਰੀ ਹੈ। ਜ਼ਿਆਦਾ ਦੇਰ ਤੱਕ ਪਾਣੀ ਖੜ੍ਹਾ ਮੱਕੀ ਦੀ ਫਸਲ ਸਹਾਰ ਨਹੀਂ ਸਕਦੀ। ਇਸ ਲਈ ਵਾਧੂ ਖੜ੍ਹਾ ਪਾਣੀ ਖੇਤ ਵਿੱਚੋਂ ਬਾਹਰ ਕੱਢ ਦਿਓ ਇਸ ਨਾਲ ਫਸਲ ਤੇ ਤਣਾ ਗਲਣ ਦਾ ਰੋਗ ਵੀ ਘੱਟ ਲੱਗਦਾ ਹੈ। ਖੜ੍ਹੇ ਪਾਣੀ ਦਾ ਨੁਕਸਾਨ ਨਜ਼ਰ ਆਵੇ ਤਾਂ 3 ਪ੍ਰਤੀਸ਼ਤ ਯੂਰੀਆ ਘੋਲ ਦੇ ਦੋ ਛਿੜਕਾਅ ਹਫਤੇ ਦੇ ਫਰਕ ਤੇ ਕਰਨ ਨਾਲ ਜਾਂ ਵਾਧੂ ਨਾਈਟਰੋਜਨ 12-24 ਕਿੱਲੋ (25-50 ਕਿੱਲੋ ਯੂਰੀਆ) ਪ੍ਰਤੀ ਏਕੜ ਪਾਉਣ ਨਾਲ ਨੁਕਸਾਨ ਘਟਾਇਆ ਜਾ ਸਕਦਾ ਹੈ। ਪੀ ਐਮ ਐਚ 1, ਪ੍ਰਭਾਤ ਅਤੇ ਪੰਜਾਬ ਸਵੀਟ ਕੋਰਨ ਨੂੰ 37 ਕਿੱਲੋ ਯੂਰੀਆ ਦੀ ਅਖੀਰਲੀ ਕਿਸ਼ਤ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਰ ਪੈਣ ਤੇ ਪਾ ਦਿਓ। ਪਰ ਪੀ ਐਮ ਐਚ 2/ਕੇਸਰੀ/ਪਰਲ ਪਾਪਕੋਰਨ ਨੂੰ 25 ਕਿੱਲੋ ਯੂਰੀਆ ਪ੍ਰਤੀ ਏਕੜ ਪਾਓ। ਪੱਤਿਆਂ ਦੇ ਝੁਲਸ ਰੋਗ ਦੀ ਰੋਕਥਾਮ ਲਈ ਫਸਲ ਤੇ ਇੰਡੋਫਿਲ ਐਮ-45 200 ਗ੍ਰਾਮ ਨੂੰ 100 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ। ਇਸ ਤੋਂ ਇਲਾਵਾ ਮੱਕੀ ਨੂੰ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਤੋਂ ਬਚਾਉਣ ਲਈ ਇਸ ਦੀਆਂ ਨਿਸ਼ਾਨੀਆਂ ਨਜ਼ਰ ਮਿ.ਲਿ. ਐਮੀਸਟਾਰ ਟੋਪ ਨੂੰ ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ ਫਸਲ ਤੇ 30 ਮਿ.ਲਿ. ਕੋਰਾਜ਼ਨ 18.5 ਤਾਕਤ ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕੀਤਾ ਜਾ ਸਕਦਾ ਹੈ। ਇਸ ਦੀ ਰੋਕਥਾਮ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ-ਪਹਿਲੀ ਵਾਰ ਇਕ ਹਫਤੇ ਬਾਅਦ ਵਰਤ ਕੇ ਵੀ ਕੀਤੀ ਜਾ ਸਕਦੀ ਹੈ।

**ਨਰਮਾ ਤੇ ਕਪਾਹ** : ਕਪਾਹ ਦੀ ਫਸਲ ਵਿੱਚ ਨਦੀਨਾਂ ਰੋਕਥਾਮ ਲਈ ਗੋਡੀਆਂ ਕਰੋ। ਪਹਿਲੇ ਫੁੱਲ ਨਜ਼ਰ ਆਉਂਦੇ ਸਾਰ ਹੀ 33 ਕਿਲੋ ਯੂਰੀਆ ਨਰਮੇਂ ਕਪਾਹ ਦੀਆਂ ਕਿਸਮਾਂ ਅਤੇ 45 ਕਿਲੋ ਯੂਰੀਆ ਬੀ ਟੀ ਨਰਮੇ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਯੂਰੀਆ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ ਪੱਤਾ ਰੰਗ ਚਾਰਟ ਦੀ ਵਰਤੋਂ ਕਰੋ। ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13:0:45) ਘੋਲ ਦੇ 4 ਛਿੜਕਾਅ ਹਫਤੇ ਦੇ ਵਕਫੇ ਨਾਲ ਕਰੋ। ਚਿੱਟੀ ਮੱਖੀ ਦੀ ਰੋਕਥਾਮ ਲਈ ਗਿਣਤੀ 6 ਪ੍ਰਤੀ ਪੱਤ; ਹੋਵੇ। ਇਸ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ ਪਾਈਰੀਫਲੂਕਸੀਨਾਜ਼ੋਨ ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਆਫਿਡੋਪਾਈਰਿ ਪਿਨ) ਜਾਂ 200 ਗ੍ਰਾਮ ਪੋਲੋ/ਕਰੇਜ਼/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ (ਡਾਇਆਫੈਨਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 20 ਗ੍ਰਾਮ ਡੈਂਟੋਟਸੂ 50 ਡਬਲਯੂ ਜੀ (ਕਲੋਥਿਆਨੀਡਿਨ) ਜਾਂ 500 ਮਿ. ਲਿ.

**ਕਮਾਦ** : ਕਮਾਦ ਦੀ ਫਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖੀਰ ਤੱਕ ਫਸਲ ਤੱਕ ਫਸਲ ਦੇ ਮੂੰਏ ਬੰਨ੍ਹ ਦਿਓ। ਰੇਤਲੀ ਅਤੇ ਕੱਲਰ ਵਾਲੀਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ 'ਤੇ ਆ ਜਾਂਦੀ ਹੈ ਜਿਸ ਦੀਆਂ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ। ਨਵੇਂ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ। ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ। ਹਫਤੇ ਦੇ ਵਕਫੇ ਤੇ 2-3 ਛਿੜਕਾਅ ਕਰੋ। ਵੱਖਰੀ-ਵੱਖਰੀ ਤਰ੍ਹਾਂ ਦੇ ਗੜੂੰਏਂ ਅਤੇ ਖਾਸ ਕਰਕੇ ਗੁਰਦਾਸਪੁਰੀ ਗੜੂੰਏਂ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਓ। ਇਹ ਕੰਮ ਹਫਤੇ ਦੇ



ਵਕਫੇ ਤੇ ਕਰਦੇ ਰਹੋ ਤਾਂ ਜੋ ਗੜੂੰਆਂ ਫਸਲ ਤੇ ਅਸਰ ਨਾ ਕਰ ਸਕੇ। ਤਣੇ ਤੇ ਗੜੂੰਏਂ ਦੀ ਰੋਕਥਾਮ ਲਈ ਮਿੱਤਰ ਕੀੜਾ, ਟਰਾਈਕੋਗਰਾਮਾ ਕਿਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਤੋਂ ਲੈ ਕੇ ਅਕਤੂਬਰ ਤੱਕ ਦਸ ਦਿਨਾਂ ਦੇ ਵਕਫੇ ਤੇ 10 ਤੋਂ 12 ਵਾਰ ਖੇਤ ਵਿਚ ਛੱਡੋ। ਜੁਲਾਈ ਤੋਂ ਅਕਤੂਬਰ ਮਹੀਨਿਆਂ ਦੌਰਾਨ 10 ਫਿਰੋਮੋਨ ਟ੍ਰੈਪ ਵੀ ਲਗਾਓ ਅਤੇ ਫਿਰੋਮੋਨ ਲਿਓਰ ਨੂੰ ਇੱਕ ਮਹੀਨੇ ਦੇ ਵਕਫੇ ਤੇ ਬਦਲੋ। ਕਮਾਦ ਦੇ ਘੋੜੇ ਦੀ ਰੋਕਥਾਮ ਲਈ 600 ਮਿ.ਲਿ. ਕਲੋਰੋਪਾਈਰੀਫਾਸ 20 ਈ ਸੀ 400 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

ਬਾਕੀ ਸਫਾ 10 'ਤੇ

------- ਬਾਕੀ ਸਫਾ ੭ ਦੀ -------

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ



ਲੈਨੋ / ਡੈਟਾ 10 ਈ ਸੀ ਪਾਇਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ / ਵੋਲਟੇਜ਼ 22.9 ਐਸ ਸੀ (ਸਪੈਰੋਮੈਸਿਫਿਨ) ਜਾਂ 800 ਮਿਲੀਲਿਟਰ ਫੈਸਮਾਈਟ / ਈ-ਮਾਈਟ / ਵੋਲਥੀਆਨ / ਗੋਲਡਮਿਟ (ਈਥੀਆਨ) ਜਾਂ 1200 ਮਿਲੀਲਿਟਰ ਪੀ.ਏ.ਯੂ ਨਿੰਮ ਦਾ ਘੋਲ ਜਾਂ 1 ਲਿਟਰ ਨਿੰਬੀਸੀਡਿਨ / ਅਚੂਕ (ਨਿੰਮ ਅਧਾਰਿਤ ਕੀਟਨਾਸ਼ਕ) ਦਾ ਛਿੜਕਾਅ ਕਰੋ । ਹਰੇ ਤੇਲੇ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਉਪਰਲੇ ਹਿੱਸੇ ਦੇ 50 ਪ੍ਰਤੀਸ਼ਤ ਬੂਟਿਆਂ ਵਿਚ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਣ । ਇਸ ਵਾਸਤੇ 300 ਮਿ.ਲਿ. ਕੀਫਨ 15 ਈ ਸੀ ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 300 ਮਿਲੀਲਿਟਰ ਨਿਓਨ 5 ਈ ਸੀ (ਫੈਨਪਾਇਰੋਕਸੀਮੇਟ) ਜਾਂ 40 ਗ੍ਰਾਮ ਐਕਟਾਰਾ/ਦੋਤਾਰਾ/ਥੋਮਸਨ 25 ਡਬਲਯੂ ਜੀ (ਥਾਇਆਮਿਥੋਕਸਮ) ਨੂੰ 125-150 ਲਿਟਰ ਪਾਣੀ ਵਿਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਨੈਪਸੈਕ ਪੰਪ ਨਾਲ ਛਿੜਕਾਅ ਕਰੋ । ਮੀਲੀਬੱਗ ਦੇ ਹਮਲੇ ਨੂੰ ਰੋਕਣ ਲਈ 150 ਮਿਲੀਲਿਟਰ ਟਰਾਂਸਫੋਰਮ 21.8 ਐਸ ਸੀ (ਸਲਾਫੋਕਸਾਫਲੋਰ) ਪ੍ਰਤੀ ਏਕੜ ਦਾ ਛਿੜਕਾਅ ਕਰੋ । ਇਨ੍ਹਾਂ ਦਵਾਈਆਂ ਲਈ 125-150 ਲਿਟਰ ਪਾਣੀ ਵਿਚ ਘੋਲ ਕੇ ਹੱਥ ਨਾਲ ਚੱਲਣ ਵਾਲੇ ਪੰਪ ਨਾਲ ਜਾਂ 75 ਲਿਟਰ ਮੋਟਰ ਨਾਲ ਚੱਲਣ ਵਾਲੇ ਪੰਪ ਦੀ ਵਰਤੋਂ ਕਰੋ । ਟੀਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਛਿੜਕਾਅ ਉਦੋਂ ਕਰੋ ਜਦੋਂ ਤਾਜ਼ੀਆਂ ਕਿਰੀਆਂ ਫੁੱਲ ਡੋਡੀਆਂ ਵਿਚ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਅਤੇ ਫਿਰ ਲੋੜ ਅਨੁਸਾਰ ਛਿੜਕਾਅ ਕਰੋ ।

ਇਕੋ ਗਰੁੱਪ ਦੀਆਂ ਕੀਟਨਾਸ਼ਕਾਂ ਦਾ ਇਕ ਤੋਂ ਵੱਧ ਛਿੜਕਾਅ ਨਾ ਕਰੋ । ਟੀਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਅੱਧ ਸਤੰਬਰ ਤੋਂ ਪਿੱਛੋਂ, ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ । ਜੇਕਰ ਛਿੜਕਾਅ ਕਰਨ ਤੋਂ 24 ਘੰਟੇ ਦੇ ਅੰਦਰ ਅੰਦਰ ਵਰਖਾ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ । ਨਰਮੇ ਦੀ ਫਸਲ 2,4-ਡੀ ਦੀ ਦਵਾਈ ਦਾ ਬਹੁਤ ਮਾੜਾ ਅਸਰ ਹੋ ਜਾਂਦਾ ਹੈ । ਕਈ ਕਿਸਾਨ ਨਰਮੇ ਨੇੜੇ ਮੱਕੀ ਦੇ ਖੇਤਾਂ ਵਿਚ ਨਦੀਨ ਮਾਰਨ ਲਈ 2,4-ਡੀ ਦੀ ਸਪਰੇਅ ਕਰਦੇ ਹਨ । ਇਸ ਦਵਾਈ ਦੇ ਬੁਖਾਰਾਤ ਬਣ ਜਾਂਦੇ ਹਨ ਜੋ ਹਵਾ ਨਾਲ ਕਾਫੀ ਦੂਰ ਤੱਕ ਖਿੱਲਰ ਜਾਂਦੇ ਹਨ ਅਤੇ ਨਰਮੇ ਦੀ ਫਸਲ ਦਾ ਬਹੁਤ ਨੁਕਸਾਨ ਕਰਦੇ ਹਨ । ਇਸ ਕਰਕੇ ਨਰਮੇ ਦੇ ਨੇੜਲੇ ਖੇਤਾਂ ਤੇ ਇਸ ਦਵਾਈ ਦਾ ਛਿੜਕਾਅ ਨਾ ਕਰੋ । ਕਿਸੇ ਫਸਲ ਉੱਪਰ 2,4-ਡੀ ਸਪਰੇ ਕਰਨ ਤੋਂ ਬਾਅਦ ਸ਼ਾਮ ਨੂੰ ਸਪਰੇ ਪੰਪ, ਟੱਬ, ਨੋਜ਼ਲਾਂ ਅਤੇ ਬਾਲਟੀ ਆਦਿ ਨੂੰ 0.5 ਪ੍ਰਤੀਸ਼ਤ ਸੋਢੇ ਦੇ ਪਾਣੀ ਨਾਲ ਭਰ ਦਿਓ (500 ਗ੍ਰਾਮ ਸੋਢਾ 100 ਲਿਟਰ ਪਾਣੀ) ਅਤੇ ਸਵੇਰੇ ਇਸ ਸਮਾਨ ਨੂੰ ਸਾਫ ਪਾਣੀ ਨਾਲ ਧੋ ਲਵੋ । ਮਿਲਾਵਟ ਵਾਲੀ ਜ਼ਹਿਰ ਦੀ ਵਰਤੋਂ ਤੋਂ ਬਚਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਪਰੇ ਕਰਨ ਤੋਂ ਦੋ ਕੁ ਹਫਤੇ ਪਹਿਲਾਂ ਇਸ ਜ਼ਹਿਰ ਨੂੰ ਕੁੱਝ ਬੂਟਿਆਂ ਉੱਪਰ ਛਿੜਕ ਕੇ ਦੇਖ ਲਓ । ਜੇਕਰ ਜ਼ਹਿਰ ਵਿੱਚ 2,4-ਡੀ ਜ਼ਹਿਰ ਦਾ ਰਲਾ ਹੋਵੇਗਾ ਤਾਂ 10 ਦਿਨਾਂ ਦੇ ਅੰਦਰ ਫਸਲ ਦੇ ਕੂਲੇ ਪੱਤੇ ਅਤੇ ਟਹਿਣੀਆਂ ਖਰਾਬ ਹੋ ਜਾਣਗੇ ਜਾਂ ਪੱਤੇ ਝੱੜ ਜਾਣਗੇ । ਅਜਿਹੀਆਂ ਜ਼ਹਿਰਾਂ ਨਾ ਵਰਤੋਂ ਜਿਸ ਨਾਲ ਫਸਲ ਤੇ ਕੋਈ ਮਾੜਾ ਅਸਰ ਹੋਵੇ । ਫਸਲ ਤੇ ਉੱਲੀ ਦੇ ਧੱਬਿਆਂ ਦੇ ਰੋਗ ਨੂੰ ਰੋਕਣ ਲਈ ਐਮੀਸਟਾਰ ਟੋਪ 20 ਮਿ.ਲਿ. ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਪਾ ਕੇ 15 ਤੋਂ 20 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

**ਹਰੇ ਚਾਰੇ** : ਫਲੀਦਾਰ ਅਤੇ ਗੈਰ ਫਲੀਦਾਰ ਚਾਰੇ ਮਿਲਾ ਕੇ ਬੀਜ ਦਿਓ । ਅਜਿਹਾ ਕਰਨ ਨਾਲ ਪੌਸ਼ਟਿਕਤਾ ਵੱਧਦੀ ਹੈ । ਮੱਕੀ + ਗੁਆਰਾ/ਰਵਾਂਹ ਮਿਲਾ ਕੇ ਬੀਜੋ । ਬਹੁਤੀ ਕਟਾਈ ਵਾਲੇ ਚਾਰਿਆਂ ਦੀ ਫਸਲ ਵਿਚ ਪਾਣੀ ਨਾ ਖੜ੍ਹਾ ਰਹਿਣ ਦਿਓ ਅਤੇ 30 ਕਿਲੋ ਨਾਈਟੋਜਨ (66 ਕਿਲੋ ਯੂਰੀਆ) ਪ੍ਰਤੀ ਏਕੜ ਕਟਾਈ ਤੋਂ ਬਾਅਦ ਪਾਓ । ਮੱਕੀ, ਵਿਚ ਇੱਟਸਿਟ ਨੂੰ ਰੋਕਣ ਲਈ ਉੱਗਣ ਤੋਂ ਪਹਿਲਾਂ ਐਟਰਾਟਾਫ 800 ਗ੍ਰਾਮ ਪ੍ਰਤੀ ਏਕੜ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜਮੀਨਾਂ ਵਿਚ 200 ਲੀਟਰ ਪਾਣੀ ਦੀ ਵਰਤੋਂ ਕਰ ਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ, ਜੇਕਰ ਚਾਰੇ ਵਾਲੀ ਮੱਕੀ ਵਿਚ ਐਟਰਾਟਾਫ ਦਾ ਛਿੜਕਾਅ ਕਰਨਾ ਹੋਵੇ ਤਾਂ ਚਾਰੇ ਵਾਲੀ ਮੱਕੀ ਦੀ ਬਿਜਾਈ 15 ਅਗਸਤ ਤੋਂ ਪਹਿਲਾਂ ਕਰੋ ਕਿਉਕਿ ਮੱਕੀ ਤੋਂ ਮਗਰੋਂ ਬੀਜੀ ਜਾਣ ਵਾਲੀ ਫਸਲ ਤੇ ਐਟਰਾਟਾਫ ਦਾ ਮਾੜਾ ਅਸਰ ਆਉਂਦਾ ਹੈ । ਚਾਰੇ ਵਾਲੀ ਮੱਕੀ ਦੀ ਜਦੋਂ ਦੋਧੀ ਅਵਸਥਾ ਹੋਵੇ, ਬਾਜਰਾ ਜਦੋਂ ਝੰਡੇ ਦੀ ਅਵਸਥਾ ਹੋਵੇ, ਨੇਪੀਅਰ ਬਾਜਰਾ ਅਤੇ ਗਿੰਨੀ ਘਾਹ ਜਦੋਂ ਕਿ ਇਕ ਮੀਟਰ ਉੱਚੇ ਹੋਣ ਅਤੇ ਚਰ੍ਹੀ ਜਦੋਂ ਫੁੱਲਾਂ ਦੀ ਅਵਸਥਾ ਤੇ ਹੋਵੇ, ਕਟਾਈ ਕਰ ਲਓ । ਅਜਿਹਾ ਚਾਰਾ ਪਾਉਣ ਨਾਲ ਦੁੱਧ ਉਤਪਾਦਨ ਵਿਚ ਵਾਧਾ ਹੋਵੇਗਾ । ਵਾਧੂ ਚਾਰੇ ਦਾ ਆਚਾਰ ਬਣਾ ਕੇ ਤੰਗੀ ਵਾਲੇ ਸਮੇਂ ਲਈ ਰੱਖ ਲਓ ।

**ਪਾਰਥੀਨੀਅਮ / ਗਾਜਰ ਬੂਟੀ / ਕਾਂਗਰਸ ਬੂਟੀ ਦੀ ਰੋਕਥਾਮ** : ਇਹ ਨਦੀਨ ਅਣ-ਵਾਹੀਆਂ ਜ਼ਮੀਨਾਂ, ਬਾਗਾਂ ਅਤੇ ਹੋਰ ਦਰੱਖਤਾਂ ਵਾਲੀਆਂ ਥਾਵਾਂ ਤੇਜ਼ੀ ਸਮੱਸਿਆ ਬਣਦਾ ਜਾ ਰਿਹਾ ਹੈ । ਇਹ ਨਦੀਨ ਕਈ ਬਿਮਾਰੀਆਂ ਜਿਵੇਂ ਕਿ ਅਲਰਜੀ, ਸਾਹ ਅਤੇ ਚਮੜੀ ਦੇ ਰੋਗ ਵੀ ਉਤਪੰਨ ਕਰਦਾ ਹੈ । ਇਸ ਨੂੰ ਵਾਰ-ਵਾਰ ਕੱਟ ਕੇ ਜਾਂ ਜੜ੍ਹੋਂ ਪੁੱਟ ਕੇ ਇਸ ਦਾ ਨਾਸ਼ ਕੀਤਾ ਜਾ ਸਕਦਾ ਹੈ ।

**ਸਬਜ਼ੀਆਂ**

**ਫੁੱਲ ਗੋਭੀ** : ਇਕ ਏਕੜ ਦੀ ਕਾਸ਼ਤ ਵਾਸਤੇ ਮੱਧ ਮੌਸਮੀ ਗੋਭੀ ਦਾ ਇਕ ਮਰਲੇ ਵਿਚ 250 ਗ੍ਰਾਮ ਬੀਜ ਬੀਜੋ । ਪਨੀਰੀ ਵਾਲੇ ਖੇਤ ਵਿਚ ਹਰ ਰੋਜ਼ ਫੁਹਾਰੇ ਨਾਲ ਪਾਣੀ ਦਿਓ । ਬਿਜਾਈ ਤੋਂ ਪਹਿਲਾਂ 3 ਗ੍ਰਾਮ ਪ੍ਰਤੀ ਕਿਲੋ ਬੀਜ ਨੂੰ ਕੈਪਟਾਨ ਨਾਲ ਸੋਧ ਲਓ ।

**ਜੜ੍ਹਦਾਰ ਸਬਜ਼ੀਆਂ** : ਇਸ ਮਹੀਨੇ ਦੇ ਅਖੀਰ ਤੇ ਮੂਲੀ ਦੀ ਕਿਸਮ ਪੂਸਾ ਚੇਤਕੀ ਅਤੇ ਗਾਜਰ (ਪੀ ਸੀ-161, ਪੰਜਾਬ ਜਾਮੁਨੀ, ਪੰਜਾਬ ਰੋਸ਼ਨੀ, ਪੰਜਾਬ ਬਲੈਕ ਬਿਊਟੀ) ਅਤੇ ਸ਼ਲਗਮ (ਐਲ-1) ਦੀਆਂ ਦੇਸੀ ਕਿਸਮਾਂ ਦੀ ਬਿਜਾਈ ਸ਼ੁਰੂ ਕਰ ਦਿਓ । ਬੀਜਣ ਤੋਂ ਪਹਿਲਾਂ 15 ਟਨ ਰੂੜੀ, 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ, ਪ੍ਰਤੀ ਏਕੜ ਦੇ ਹਿਸਾਬ ਪਾਓ । 50 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਗਾਜਰ ਨੂੰ ਹੀ ਪਾਓ । 45 ਸੈ. ਮੀ. ਦੀ ਦੂਰੀ ਤੇ ਵੱਟਾਂ ਬਣਾ ਲਓ ਅਤੇ ਚੰਗੇ ਵੱਤਰ ਵਿਚ ਇਨ੍ਹਾਂ ਤੇ ਬੀਜ ਲਗਾਓ । ਇਸ ਤੋਂ ਪਿੱਛੋਂ ਹਫਤੇ ਵਿਚ ਦੋ ਵਾਰ ਪਾਣੀ ਦਿੰਦੇ ਰਹੋ । ਮੂਲੀ ਅਤੇ ਗਾਜਰ ਦਾ 4-5 ਕਿਲੋ ਅਤੇ ਸ਼ਲਗਮ ਦਾ 2 ਕਿਲੋ ਪ੍ਰਤੀ ਏਕੜ ਬੀਜ ਵਰਤੋ ।

**ਮਿਰਚਾਂ** : ਹਰੀਆਂ ਮਿਰਚਾਂ ਸਲਾਦ ਅਤੇ ਆਚਾਰ ਲਈ ਤੋੜਣੀਆਂ ਹਨ ਤਾਂ ਉਹ ਵੀ ਤੋੜ ਲਉ । ਫਲ ਦੇ ਗਾਲੇ ਦੀ



ਰੋਕਥਾਮ ਲਈ ਫਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45, ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਮਿਲਾ ਕੇ ਦਸ ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

**ਬੈਂਗਣ ਅਤੇ ਭਿੰਡੀ** : ਬੈਂਗਣਾਂ ਦੇ ਫਲ ਅਤੇ ਸ਼ਾਖਾਂ ਦੇ ਗੜੂੰਏ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਸੀ ਜਾਂ



100 ਮਿ.ਲਿ. ਸੁਮੀਸੀਡੀਨ 20 ਈ ਸੀ ਜਾਂ 200 ਮਿਲੀਲਿਟਰ ਰਿਪਕਾਰਡ 10 ਈ ਸੀ ਨੂੰ 100 ਤੋਂ 125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਲੋੜ ਅਨੁਸਾਰ 3-4 ਛਿੜਕਾਅ 14 ਦਿਨਾਂ ਦੇ ਵਕਫੇ ਨਾਲ ਕੀਟਨਾਸ਼ਕ ਅਦਲ-ਬਦਲ ਕੇ ਕਰੋ । ਬੈਂਗਣ ਦੀ ਜੂੰ ਲਈ 300 ਮਿ.ਲਿ. ਓਮਾਈਟ 57 ਈ ਸੀ ਨੂੰ 100-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ । ਭਿੰਡੀ ਦੇ ਤੇਲੇ ਲਈ 80 ਮਿ.ਲਿ ਈਕੋਟਿਨ 5% ਜਾਂ 2 ਲਿਟਰ ਪੀ ਏ ਯੂ ਨਿੰਮ ਦਾ ਘੋਲ ਜਾਂ 40 ਮਿ.ਲਿ. ਕੋਨਫੀਡੋਰ 17.8 ਐਸ ਐਲ ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ 100-125 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਫਲ ਦਾ ਗੜੂੰਏ ਲਈ ਫੁੱਲ ਸ਼ੁਰੂ ਹੋਣ ਤਾਂ ਹਰ ਦੋ ਹਫਤਿਆਂ ਮਗਰੋਂ ਤਿੰਨ ਵਾਰ ਛਿੜਕੋ । ਛਿੜਕਾਅ ਲਈ 50 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 200 ਮਿ.ਲਿ. ਸੂਮੀ ਪਲੀਓ 10 ਈ ਸੀ ਜਾਂ 70 ਗ੍ਰਾਮ ਪਰੋਕਲੇਮ ਐਸ ਜੀ ਜਾਂ 100 ਮਿ.ਲਿ. ਸੁਮੀਸੀਡੀਨ 20 ਈ ਸੀ ਦੀ ਵਰਤੋਂ ਕਰੋ ।

**ਗੰਢੇ** : ਇਸ ਮਹੀਨੇ ਦੇ ਤੀਸਰੇ ਹਫਤੇ ਤੇ ਸਾਉਣੀ ਦੀ ਫਸਲ ਦੀਆਂ ਗੰਢੀਆਂ ਜਾਂ ਪਨੀਰੀ ਰਾਹੀਂ ਬਿਜਾਈ ਸ਼ੁਰੂ ਕਰ ਦਿਓ । ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਓ । ਲਾਈਨਾਂ ਅਤੇ ਬੂਟੇ ਦਾ ਫਾਸਲਾ 15×7.5 ਸੈਂਟੀਮੀਟਰ ਰੱਖੋ ।

**ਬਾਗਬਾਨੀ**

1. ਇਹ ਸਮਾਂ ਸਦਾਬਹਾਰ ਫਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਬਹੁਤ ਹੀ ਢੁੱਕਵਾਂ ਸਮਾਂ ਹੈ ।

2. ਬਾਗਾਂ ਵਿਚ ਬਹੁਤ ਦੇਰ ਖੜ੍ਹਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰੋ । ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਾਤੀ ਅਤੇ ਆੜੂ ਦੀਆਂ ਜੜ੍ਹਾਂ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਇਨ੍ਹਾਂ ਬੂਟਿਆਂ ਦੁਆਲਿਓਂ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ ਹਲਕੀ ਗੋਡੀ ਕਰੋ ।

3. ਨਿੰਬੂ ਜਾਤੀ ਦੇ ਬੂਟਿਆਂ ਵਿਚ ਜ਼ਿੰਕ ਅਤੇ ਮੈਂਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰੋ ।

4. ਨਿੰਬੂ ਜਾਤੀ ਦੇ ਪੈਰ ਗਲ਼ਣ ਦੇ ਰੋਗ (ਫਾਈਟੋਪਥੋਰਾ) ਨੂੰ ਰੋਕਣ ਲਈ ਕਾਰਜ਼ੈਟ ਐਮ-8 ਪੇਂਟ ਦੇ ਤੌਰ 'ਤੇ ਬਿਮਾਰੀ ਵਾਲੇ ਤਣੇ ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ-ਅਗਸਤ ਵਿਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਓਂ ਦਿਓ ਇਸ ਦੇ ਬਦਲ ਵਜੋਂ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆ ਨੂੰ ਗੜੁੱਚ ਕੀਤਾ ਜਾ ਸਕਦਾ ਹੈ । ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫਤੇ ਬਾਅਦ 100 ਗ੍ਰਾਮ ਟਰਾਈਕੋਫਰਮਾ ਐਸਪੈਰੇਲਮ ਫਾਰਮੂਲੇਸ਼ਨ ਨੂੰ 2.5 ਕਿਲੋ ਰੂੜੀ ਦੀ ਖਾਦ ਵਿਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

5. ਨਿੰਬੂ ਜਾਤੀ ਦੇ ਫਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ । ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ ।

6. ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਆਖਿਰ ਵਿਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

7. ਨਿੰਬੂ ਜਾਤੀ ਦੇ ਫਲਾਂ ਵਿਚ ਫਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫਤੇ 16 ਪੀ.ਏ.ਯੂ. ਫਰੂਟ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਓ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ ।

8. ਅਮਰੂਦਾਂ ਦੇ ਬਾਗਾਂ ਵਿਚ ਫਲ ਦੀ ਮੱਖੀ ਦੇ ਹਮਲੇ ਨਾਲ ਗ੍ਰਸਤ ਫਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ ।

**ਸਜਾਵਟੀ ਬੂਟੇ**

**ਪੱਕੇ ਬੂਟੇ** : ਸਦਾ ਬਹਾਰ ਸਜਾਵਟੀ ਰੁੱਖ ਝਾੜੀਆਂ ਅਤੇ ਵੇਲਾਂ ਨੂੰ ਇਸ ਮਹੀਨੇ ਵਿਚ ਵੀ ਲਾਇਆ ਜਾ ਸਕਦਾ ਹੈ ।

**ਗਮਲਿਆਂ ਵਾਲੇ ਬੂਟੇ** : ਦੋ ਤੋਂ ਤਿੰਨ ਸਾਲ ਪੁਰਾਣੇ ਗਮਲਿਆਂ ਵਾਲੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ, ਨਵੇਂ ਸਿਰਿਓਂ ਗਮਲੇ ਵਿਚ ਮਿੱਟੀ ਅਤੇ ਖਾਦ ਭਰ ਕੇ ਲਗਾਉਣਾ ਚਾਹੀਦਾ ਹੈ । ਪੁਰਾਣੇ ਪੌਦਿਆਂ ਦੀਆਂ ਜੜ੍ਹਾਂ ਦੀ ਲੋੜ ਅਨੁਸਾਰ ਕਾਂਟ-ਛਾਂਟ ਵੀ ਕੀਤੀ ਜਾ ਸਕਦੀ ਹੈ । ਗਮਲੇ ਵਾਲੇ ਬੂਟਿਆਂ ਨੂੰ ਨਿਖੇੜ ਕੇ ਪੌਦ ਵਾਧਾ ਵੀ ਇਸ ਮਹੀਨੇ ਕੀਤਾ ਜਾ ਸਕਦਾ ਹੈ ।

**ਘਾਹ** : ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਵਿੱਚ, ਲਾਅਨ ਬਣਾਉਣ ਲਈ ਘਾਹ ਇਸ ਮਹੀਨੇ ਵਿਚ ਵੀ ਲਾਇਆ ਜਾ ਸਕਦਾ ਹੈ ਤਾਂ ਕਿ ਨਰਮ/ਗੱਦੇਦਾਰ ਲਾਅਨ ਬਣਾਇਆ ਜਾ ਸਕੇ । ਮੀਂਹ ਪੈਣ ਤੋਂ ਬਾਅਦ ਮਿੱਟੀ ਵਿਚ ਜ਼ਿਆਦਾ ਨਮੀਂ ਹੋਣ ਕਰਕੇ ਘਾਹ ਦੀ ਕਟਾਈ ਨਾ ਕਰੋ ।

**ਗੁਲਦਾਉਦੀ** : ਪਿਛਲੇ ਮਹੀਨੇ ਗਮਲਿਆਂ ਵਿਚ ਲਾਈਆਂ ਸਰਪੋ



ਗੁਲਦਾਉਦੀ ਦੀਆਂ ਕਲਮਾਂ ਦੇ ਟੂਸਿਆਂ ਨੂੰ ਤੋੜ ਦੇਣਾ ਚਾਹੀਦਾ ਹੈ ਤਾਂ ਜੋ ਵੱਧ ਫੁੱਲ ਲਏ ਜਾ ਸਕਣ । ਜਪਾਨੀ ਕਿਸਮਾਂ ਦੇ ਤਣੇ ਉੱਪਰੋਂ ਫੁੱਟ ਰਹੀਆਂ ਸ਼ਾਖਾਵਾਂ ਵੀ ਕੱਟਦੇ ਰਹੋ ਤਾਂ ਜੋ ਵੱਡੇ ਆਕਾਰ ਦੇ ਫੁੱਲ ਮਿਲ ਸਕੇ ।

**ਗੁਲਾਬ** : ਬੂਟਿਆਂ ਦੇ ਦੁਆਲੇ ਲਗਾਤਾਰ ਨਦੀਨ ਅਤੇ ਜੜ੍ਹ ਮੁੱਢ ਤੋਂ ਜੜੂੰਏ ਸਾਫ ਕਰੋ । ਬਾਰਿਸ਼ਾਂ ਦੀ ਵਜਾ ਕਰਕੇ ਰੈੱਡ ਸਕੇਲ ਕੀੜੇ ਦਾ ਹਮਲਾ ਹੋ ਸਕਦਾ ਹੈ । ਇਸ ਲਈ ਸਮੇਂ-ਸਮੇਂ ਸਿਰ ਬੂਟਿਆਂ ਦਾ ਨਿਰੀਖਣ ਕਰਦੇ ਰਹੋ ।

**ਦਰੱਖਤ ਝਾੜੀਆਂ ਅਤੇ ਵੇਲਾਂ** : ਦਰੱਖਤਾਂ ਦੇ ਬੀਜ ਸੋਧ ਕਰਕੇ ਵੀ ਇਸੇ ਮਹੀਨੇ ਨਰਸਰੀ ਬੈੱਡਾਂ ਉੱਪਰ ਬੀਜੇ ਜਾ ਸਕਦੇ ਹਨ । ਝਾੜੀਆਂ ਅਤੇ ਵੇਲਾਂ ਦੀਆਂ ਕਲਮਾਂ ਇਸ ਮਹੀਨੇ ਲਾਈਆਂ ਜਾ ਸਕਦੀਆਂ ਹਨ ।

**ਗੇਂਦਾ** : ਬੀਜ ਪੈਦਾ ਕਰਨ ਲਈ ਪੰਜਾਬ ਗੇਂਦਾ ਨੰ. 1 ਦੀ ਤਿਆਰ ਪਨੀਰੀ ਇਸ ਮਹੀਨੇ ਖੇਤ ਵਿਚ ਲਾਈ ਜਾ ਸਕਦੀ ਹੈ ।

ਚੱਲਦਾ




# ਨਸ਼ਿਆਂ ਵਿਰੁੱਧ ਬੱਚਿਆਂ ਨੂੰ ਜਾਗ੍ਰਿਤ ਕੀਤਾ ਜਾਵੇ

> ਸਮਾਜ ਵਿੱਚ ਨਸ਼ਿਆਂ ਵਿਰੁੱਧ ਜਾਗਰੁਕਤਾ ਪੈਦਾ ਕਰਨ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਨਸ਼ਿਆਂ ਕਾਰਨ ਹੋਣ ਵਾਲੀ ਬਰਬਾਦੀ ਤੋਂ ਚੇਤੰਨ ਕਰਨਾ ਜ਼ਰੂਰੀ ਹੈ। ਇਸ ਵਿੱਚ ਵਿਦਿਅਕ ਅਦਾਰੇ, ਮਾਪੇ, ਧਾਰਮਿਕ ਪ੍ਰਚਾਰਕ, ਰਾਜਸੀ ਆਗੂ ਅਤੇ ਸਮਾਜ ਸੇਵਕਾਂ ਨੂੰ ਰਲ ਕੇ ਇਕ ਬਹੁਪੱਖੀ ਨੀਤੀ ਤਿਆਰ ਕਰਨੀ ਪਵੇਗੀ। ਇਹ ਜ਼ੁੰਮੇਵਾਰੀ ਸਾਡੇ ਸਾਰਿਆਂ ਲਈ ਸਾਂਝੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਸ਼ੇ ਦੇ ਵਿਉਪਾਰੀਆਂ ਵਿਰੁੱਧ ਕਾਰਵਾਈ ਮੁੱਢਲੀ ਲੋੜ ਹੈ ਪਰ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਇਸ ਤੋਂ ਵੀ ਅੱਗੇ ਜਾਣ ਦੀ ਲੋੜ ਹੈ। ਜੇਕਰ ਅਜੇਹਾ ਨਾ ਕੀਤਾ ਗਿਆ ਤਾਂ ਜਦੋਂ ਸਰਕਾਰੀ ਕਾਰਵਾਈ ਬੰਦ ਹੋ ਜਾਵੇਗੀ ਤਾਂ ਮੁੜ ਨਸ਼ਾ ਤੱਸਕਰ ਹਰਕਤ ਵਿੱਚ ਆ ਜਾਣਗੇ ਤੇ ਆਪਣਾ ਕਾਰੋਬਾਰ ਸ਼ੁਰੂ ਕਰ ਲੈਣਗੇ।

ਸਮਾਜ ਵਿੱਚ ਨਸ਼ਿਆਂ ਵਿਰੁੱਧ ਜਾਗਰੁਕਤਾ ਪੈਦਾ ਕਰਨ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਨਸ਼ਿਆਂ ਕਾਰਨ ਹੋਣ ਵਾਲੀ ਬਰਬਾਦੀ ਤੋਂ ਚੇਤੰਨ ਕਰਨਾ ਜਰੂਰੀ ਹੈ। ਇਸ ਵਿੱਚ ਵਿਦਿਅਕ ਅਦਾਰੇ, ਮਾਪੇ, ਧਾਰਮਿਕ ਪ੍ਰਚਾਰਕ, ਰਾਜਸੀ ਆਗੂ ਅਤੇ ਸਮਾਜ ਸੇਵਕਾਂ ਨੂੰ ਰਲ ਕੇ ਇਕ ਬਹੁਪੱਖੀ ਨੀਤੀ ਤਿਆਰ ਕਰਨੀ ਪਵੇਗੀ। ਇਹ ਜ਼ੁੰਮੇਵਾਰੀ ਸਾਡੇ ਸਾਰਿਆਂ ਲਈ ਸਾਂਝੀ ਹੈ। ਨਵੀਂ ਪੀੜ੍ਹੀ ਜਦੋਂ ਨਸ਼ਿਆਂ ਦਾ ਸੇਵਨ ਕਰਦੀ ਹੈ ਤਾਂ ਮਾਪਿਆਂ ਲਈ ਹੀ ਨਹੀਂ ਸਗੋਂ ਸਮਾਜ ਲਈ ਇਕ ਚੁਣੌਤੀ ਬਣ ਜਾਂਦੀ ਹੈ। ਸਭ ਤੋਂ ਪਹਿਲਾ ਕੰਮ ਬੱਚਿਆਂ ਨੂੰ ਰਾਹੋਂ ਭਟਕਣ ਤੋਂ ਬਚਾਉਣ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਕਰਨਾ ਚਾਹੀਦਾ ਹੈ। ਬੱਚੇ ਦੇ ਸਭ ਤੋਂ ਪਹਿਲੇ ਸਾਥੀ ਉਸ ਦੇ ਮਾਪੇ ਹੁੰਦੇ ਹਨ। ਮਾਪਿਆਂ ਦਾ ਰਹਿਣ ਸਹਿਣ ਅਤੇ ਉਨ੍ਹਾਂ ਦਾ ਚਲਣ ਬੱਚੇ ਦੀ ਸ਼ਖ਼ਸੀਅਤ ਉਸਾਰੀ ਉੱਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ। ਜੇਕਰ ਮਾਪੇ ਕਿਰਤ ਕਰਦੇ, ਵੰਡ ਛਕਦੇ ਅਤੇ ਨਾਮ ਜਪਦੇ ਹੋਣ ਤਾਂ ਬੱਚਾ ਵੀ ਉਸੇ ਸੋਚ ਦਾ ਧਾਰਨੀ ਬਣ ਜਾਂਦਾ ਹੈ। ਸੱਚ, ਸੰਤੋਖ, ਗਿਆਨ ਦੇ ਅਧਾਰ ਉੱਤੇ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਆਪਸੀ ਪਿਆਰ ਅਤੇ ਮਿਲਵਰਤਣ ਨਾਲ ਜਿਹੜੇ ਮਾਪੇ ਜੀਵਨ ਜੀਉਂਦੇ ਹਨ ਉਹ ਆਪਣੇ ਬੱਚਿਆਂ ਲਈ ਆਦਰਸ਼ ਬਣ ਜਾਂਦੇ ਹਨ। ਜੇਕਰ ਪਿਤਾ ਰੋਜ਼ ਰਾਤ ਨੂੰ ਘਰ ਵਿੱਚ ਬੈਠ ਸ਼ਰਾਬ ਪੀਂਦਾ ਹੈ ਅਤੇ ਬੱਚੇ ਨੂੰ ਗਲਾਸ, ਬੋਤਲ, ਬਰਫ਼ ਜਾਂ ਹੋਰ ਵਸਤਾਂ ਫ਼ੜਾਉਣ ਲਈ ਆਖਦਾ ਹੈ ਤਾਂ ਬੱਚੇ ਦੇ ਮਨ ਵਿੱਚ ਵੀ ਇਸ ਬਾਰੇ ਸੋਚ ਸ਼ੁਰੂ ਹੋ ਜਾਵੇਗੀ। ਪਿਛਲੀ ਸਦੀ ਵਿੱਚ ਘਰ ਵਿੱਚ ਬੈਠ ਇੰਝ ਸ਼ਰਾਬ ਨਹੀਂ ਪੀਤੀ ਜਾਂਦੀ ਸੀ। ਆਮ ਤੌਰ ਉੱਤੇ ਘਰੋਂ ਬਾਹਰ ਹਵੇਲੀ ਜਾਂ ਬਾਹਰਲੀ ਬੈਠਕ ਵਿੱਚ ਬੈਠ ਇਸ ਦਾ ਸੇਵਨ ਕੀਤਾ ਜਾਂਦਾ ਸੀ। ਵਿਆਹ ਵਿੱਚ ਹੁਣ ਵਾਂਗ ਸ਼ਰਾਬ ਨਹੀਂ ਵਰਤਾਈ ਜਾਂਦੀ ਸੀ ਸਗੋਂ ਕਿਸੇ ਨਿਵੇਕਲੀ ਬੈਠਕ ਵਿੱਚ ਸ਼ਰਾਬ ਪੀਣ ਵਾਲਿਆਂ ਲਈ ਪ੍ਰਬੰਧ ਕਰ ਦਿੱਤਾ ਜਾਂਦਾ ਸੀ। ਘਰ ਵਿੱਚ ਬੱਚਿਆਂ ਲਈ ਸਮਾਂ ਕੱਢੋ। ਉਨ੍ਹਾਂ ਦੇ ਹੱਥ ਮੋਬਾਈਲ ਫੜਾਉਣ ਦੀ ਥਾਂ ਉਸ ਨਾਲ ਗੱਲਾਂ ਕਰੋ। ਬੱਚਿਆਂ ਦੀਆਂ ਪ੍ਰਾਪਤੀਆਂ ਅਤੇ ਔਕੜਾਂ ਨੂੰ ਧਿਆਨ ਨਾਲ ਸੁਣੋ ਅਤੇ ਪ੍ਰਾਪਤੀਆਂ ਦੀ ਪ੍ਰਸੰਸਾ ਕਰੋ ਅਤੇ ਔਕੜਾਂ ਦੂਰ ਕਰਨ ਵਿੱਚ ਸਹਾਇਤਾ ਕਰੋ। ਮਾਪਿਆਂ ਤੋਂ ਅੱਗੇ ਜਾ ਕੇ ਅਧਿਆਪਕ ਦੀ ਭੂਮਿਕਾ ਅਹਿਮ ਹੈ। ਜੇਕਰ ਅਧਿਆਪਕ ਉੱਚੇ ਆਚਰਣ ਵਾਲਾ, ਧੀਰਜ ਅਤੇ ਪਿਆਰ ਨਾਲ ਬੱਚਿਆਂ ਦੀ ਪੜ੍ਹਾਈ ਕਰਵਾਉਂਦਾ ਹੈ ਤਾਂ ਉਸ ਦੇ ਉਤਸ਼ਾਹੀ ਬੋਲ ਹਮੇਸ਼ਾਂ ਪ੍ਰਭਾਵ ਪਾਉਂਦੇ ਹਨ। ਸਕੂਲ ਵਿੱਚ ਘੱਟੋ ਘੱਟ ਸਵੇਰ ਦੀ ਅਸੈਂਬਲੀ ਵੇਲੇ ਬੱਚਿਆਂ ਨੂੰ ਨੈਤਿਕਤਾ ਅਤੇ ਮਾਣ ਮੱਤੇ ਇਤਿਹਾਸ ਦਾ ਪਾਠ ਜ਼ਰੂਰ ਪੜ੍ਹਾਇਆ ਜਾਵੇ। ਭੈੜੀਆਂ ਆਦਤਾਂ ਤੇ ਨਸ਼ਿਆਂ ਦੇ ਨਾਲ ਹੋਣ ਵਾਲੇ ਨੁਕਸਾਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਉਣ ਦੀ ਲੋੜ ਹੈ। ਜੇਕਰ ਅਧਿਆਪਕ ਪੜ੍ਹਾਉਣ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦਾ, ਬੱਚਿਆਂ ਨੂੰ ਹਮੇਸ਼ਾਂ ਝਿੜਕਦਾ ਰਹਿੰਦਾ ਹੈ ਅਤੇ ਕਮਜ਼ੋਰ ਬੱਚੇ ਨੂੰ ਉਤਸ਼ਾਹਿਤ ਕਰਨ ਦੀ ਥਾਂ ਨਿਕੰਮਾ ਆਖਦਾ ਹੈ ਤਾਂ ਬੱਚਾ ਸਚਮੁੱਚ ਹੀ ਨਿਕੰਮਾ ਹੋ ਜਾਂਦਾ ਹੈ। ਅਜੇਹੇ ਬੱਚੇ ਕੁਰਾਹੇ ਪੈ ਕੇ ਭੈੜੀ ਸੰਗਤ ਵਿੱਚ ਜਾ ਸਕਦੇ ਹਨ। ਚੰਗੀ ਸੰਗਤ ਜਿੱਥੇ ਬੱਚੇ ਨੂੰ ਅੱਗੇ ਵੱਧਣ ਲਈ ਉਤਸ਼ਾਹਿਤ ਕਰਦੀ ਹੈ ਉਥੇ ਭੈੜੀ ਸੋਚ ਅੱਗੇ ਵੱਧਣ ਵਿੱਚ ਰੋਕਾਂ ਲਗਾਉਂਦੀ ਹੈ ਤੇ ਕੁਰਾਹੇ ਪਾਉਂਦੀ ਹੈ। ਨਸ਼ਿਆਂ ਦੇ ਸੁਦਾਗਰ ਅਜੇਹੇ ਬੱਚਿਆਂ ਦੀ ਭਾਲ ਵਿੱਚ ਹੀ ਰਹਿੰਦੇ ਹਨ ਤੇ ਉਨ੍ਹਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੇ ਹਨ। ਮਾਪਿਆਂ ਨੂੰ ਹਮੇਸ਼ਾਂ ਆਪਣੇ ਬੱਚੇ ਦਾ ਖਿਆਲ ਰਖਣਾ ਚਾਹੀਦਾ ਹੈ ਕਿ ਉਸ ਦੀ ਸੰਗਤ ਕਿਹੋ ਜਿਹੀ ਹੈ। ਜੇਕਰ ਬੱਚੇ ਦੇ ਵਤੀਰੇ ਵਿੱਚ ਕੁਝ ਤਬਦੀਲੀ ਨਜ਼ਰ ਆਉਂਦੀ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਕਰਨ ਦੀ ਥਾਂ ਇਸ ਬਾਰੇ ਘੋਖ ਕਰਨੀ ਚਾਹੀਦੀ ਹੈ। ਆਪਣਿਆਂ ਰੁਝੇਵਿਆਂ ਕਾਰਨ ਅਜਕਲ ਮਾਪੇ ਬੱਚਿਆਂ ਵਲ ਬਹੁਤਾ ਧਿਆਨ ਨਹੀਂ ਦਿੰਦੇ ਸਗੋਂ ਰੋਜ਼ ਜੇਬ ਖਰਚ ਅਤੇ ਸਮਾਰਟ ਫ਼ੋਨ ਲੈਕੇ ਦੇਣ ਨਾਲ ਹੀ ਆਪਣੀ ਜ਼ੁੰਮੇਵਾਰੀ ਪੂਰੀ ਹੋ ਗਈ ਸਮਝਣ ਲੱਗਦੇ ਹਨ। ਘਰ ਵਿੱਚ ਬੱਚਿਆਂ ਨੂੰ ਸਮਾਂ ਦੇਵੋ, ਸਕੂਲ ਅਤੇ ਸਾਥੀਆਂ ਬਾਰੇ ਪੁੱਛੋ। ਘਟ ਨੰਬਰ ਆਉਣ ਜਾਂ ਗਲਤੀ ਕਰਨ ਉੱਤੇ ਕਦੇ ਵੀ ਝਿੜਕਣਾ ਨਹੀਂ ਚਾਹੀਦਾ ਸਗੋਂ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਘਰ ਵਿੱਚ ਬੱਚੇ ਸਾਹਮਣੇ ਹਮੇਸ਼ਾਂ ਆਪਣੇ ਫ਼ੋਨ ਨੂੰ ਚਿੰਬੜੇ ਰਹਿਣਾ ਅਤੇ ਆਪੋ ਵਿੱਚ ਝਗੜਦੇ ਰਹਿਣਾ ਬੱਚੇ ਵਿੱਚ ਨਿਰਾਸ਼ਤਾ ਪੈਦਾ ਕਰਦਾ ਹੈ ਅਤੇ ਉਹ ਵੀ ਫ਼ੋਨ ਨੂੰ ਸਾਥੀ ਬਣਾ ਲੈਂਦਾ ਹੈ। ਸਮਾਰਟ ਫ਼ੋਨ ਉੱਤੇ ਇਤਨਾ ਗੰਦ ਵਿਖਾਇਆ ਜਾਂਦਾ ਹੈ ਜਿਸ ਨਾਲ ਬੱਚਾ ਕੁਰਾਹੇ ਪੈ ਸਕਦਾ ਹੈ। ਸਕੂਲ ਵਿੱਚ ਵੀ ਅਧਿਆਪਕਾਂ ਨੂੰ ਬੱਚਿਆਂ ਉੱਤੇ ਨਿਗਾਹ ਰਖਣੀ ਚਾਹੀਦੀ ਹੈ। ਸਕੂਲ ਦੇ ਨੇੜੇ ਕਿਸੇ ਵੀ ਨਸ਼ਾ ਤੱਸਕਰ ਨੂੰ ਨਹੀਂ ਢੁਕਣ ਦੇਣਾ ਚਾਹੀਦਾ। ਮਾਪਿਆਂ ਨੂੰ ਚਾਹੀਦਾ ਹੈ ਕਿ ਅਜੇਹੇ ਕਿਸੇ ਸਮਾਗਮ ਜਾਂ ਪਾਰਟੀ ਵਿੱਚ ਜਾਣ ਤੋਂ ਗੁਰੇਜ ਕੀਤਾ ਜਾਵੇ ਜਿੱਥੇ ਸ਼ਰੇਆਮ ਸ਼ਰਾਬ ਪਰੋਸੀ ਜਾ ਰਹੀ ਹੋਵੇ। ਜੇਕਰ ਬੱਚੇ ਤੁਹਾਡੇ ਨਾਲ ਹਨ ਤਾਂ ਉਨ੍ਹਾਂ ਦੋਸਤਾਂ ਤੋਂ ਦੂਰ ਬੈਠੋ ਜਿਹੜੇ ਸ਼ਰਾਬ ਪੀ ਰਹੇ ਹੋਣ। ਤੁਹਾਡੇ ਦੋਸਤ ਜਾਂ ਰਿਸ਼ਤੇਦਾਰ ਜੇਕਰ ਪੀਣ ਲਈ ਮਜ਼ਬੂਰ ਕਰਨਗੇ ਜਾਂ ਕੋਕ ਤੇ ਜੂਸ ਵਿੱਚ ਰਲਾ ਕੇ ਪੀਣ ਲਈ ਆਖਣਗੇ। ਦੋਸਤੀ ਦਾ ਵਾਸਤਾ ਪਾ ਕੇ ਬਲੈਕਮੇਲ ਕਰਨ ਦਾ ਯਤਨ ਕਰਨਗੇ। ਇਹ ਪਰਖ ਦੀ ਘੜੀ ਹੈ। ਜੇਕਰ ਇਕ ਵਾਰ ਥਿੜਕ ਗਏ ਤਾਂ ਤੁਸੀਂ ਹੀ ਨਹੀਂ ਸਗੋਂ ਬੱਚੇ ਵੀ ਕੁਰਾਹੇ ਪੈ ਜਾਣਗੇ।

ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਧਾਰਮਿਕ ਅਸਥਾਨਾਂ ਅਤੇ ਧਰਮ ਪ੍ਰਚਾਰਕਾਂ ਦੀ ਗਿਣਤੀ ਵਿੱਚ ਤੇਜੀ ਨਾਲ ਵਾਧਾ ਹੋਇਆ ਹੈ ਪਰ ਉਸੇ ਤੇਜ਼ੀ ਨਾਲ ਨਸ਼ਿਆਂ ਦੀ ਵਰਤੋਂ ਵਿੱਚ ਵੀ ਵਾਧਾ ਹੋਇਆ ਹੈ। ਸਮਾਜ ਵਿੱਚੋਂ ਨੈਤਿਕ ਕਦਰਾਂ-ਕੀਮਤਾਂ ਵੀ ਖ਼ਤਮ ਹੋ ਰਹੀਆਂ ਹਨ। ਕੋਈ ਵੀ ਧਰਮ ਨਸ਼ਿਆਂ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੰਦਾ ਤਾਂ ਫਿਰ ਇਸ ਪ੍ਰਚਾਰ ਦਾ ਅਸਰ ਕਿਉਂ ਨਹੀਂ ਹੋ ਰਿਹਾ। ਸੱਚਾਈ ਇਹ ਹੈ ਕਿ ਬਹੁਤੇ ਪ੍ਰਚਾਰਕ ਸਮਾਜਿਕ ਕਦਰਾਂ-ਕੀਮਤਾਂ ਜਿਵੇਂ ਕਿ ਇਮਾਨਦਾਰੀ, ਆਪਸੀ ਮਿਲਵਰਤਣ ਨਸ਼ਾ ਰਹਿਤ ਜੀਵਨ ਬਾਰੇ ਪ੍ਰਚਾਰ ਕਰਦੇ ਹੀ ਨਹੀਂ ਹਨ ਸਗੋਂ ਕਰਾਮਾਤੀ ਸਾਖੀਆਂ ਸੁਣਾ ਕੇ ਸੰਗਤ ਨੂੰ ਕਰਮਕਾਂਡਾਂ ਵਿੱਚ ਉਲਝਾਉਂਦੇ ਹਨ। ਗੁਰੂ ਸਾਹਿਬਾਨ ਨੇ ਢਾਈ ਸਦੀਆਂ ਵਿਚ ਲੋਕਾਈ ਨੂੰ ਜਿਸ ਦਲਦਲ ਵਿੱਚੋਂ ਕੱਢਿਆ ਸੀ, ਹੁਣ ਦੇ ਪ੍ਰਚਾਰਕ ਮੁੜ ਲੁਕਾਈ ਨੂੰ ਉਸੇ ਦਲਦਲ ਦੇ ਰਾਹੇ ਪਾ ਰਹੇ ਹਨ। ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ ਤੇ ਭਗਤਾਂ ਦੀ ਧਰਤੀ ਹੈ। ਇਸ ਦੇ ਪਵਿੱਤਰ ਪਾਣੀਆਂ ਕੰਢੇ ਸੰਸਾਰ ਦੀ ਸਭ ਤੋਂ ਮੁਢਲੀ ਕਿਤਾਬ ਵੇਦ ਦੀ ਰਚਨਾ ਹੋਈ ਸੀ। ਸਾਡੇ ਸਭ ਤੋਂ ਪਵਿੱਤਰ ਗ੍ਰੰਥਾਂ ਦੀ ਰਚਨਾ ਇਸੇ ਧਰਤੀ ਉੱਤੇ ਹੋਈ ਹੈ। ਵੇਦ ਤੇ ਪੁਰਾਣ ਦੀ ਰਚਨਾ ਰਿਸ਼ੀਆਂ ਨੇ ਇਸੇ ਧਰਤੀ ਉੱਤੇ ਕੀਤੀ। ਇੱਥੇ ਹੀ ਗੀਤਾ ਦਾ ਪਵਿੱਤਰ ਉਪਦੇਸ਼ ਦ੍ਰਿੜਾਇਆ ਗਿਆ। ਇੱਥੇ ਹੀ ਪਵਿੱਤਰ ਰਮਾਇਣ ਅਤੇ ਮਹਾਂਭਾਰਤ ਦੀ ਰਚਨਾ ਹੋਈ ਸੂਫ਼ੀ, ਫ਼ਕੀਰਾਂ ਨੇ ਇੱਥੇ ਹੀ ਰੱਬੀ ਪ੍ਰੇਮ ਅਤੇ ਸੱਚਾ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ। ਭਗਤ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਸਾਦਗੀ, ਬਰਾਬਰੀ ਅਤੇ ਆਪਸੀ ਪ੍ਰੇਮ ਦਾ ਸੰਦੇਸ਼ ਦਿੱਤਾ। ਇਸੇ ਧਰਤੀ ਤੇ ਗੁਰੂ ਸਾਹਿਬਾਨ ਨੇ ਸੰਸਾਰ ਦੇ ਕਲਿਆਣ ਲਈ ਇਕ ਉੱਤਮ ਜੀਵਨ ਜਾਚ ਸੰਸਾਰ ਨੂੰ ਦਿੱਤੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਇਸੇ ਧਰਤੀ ਉੱਤੇ ਹੋਈ। ਸਾਰੇ ਹੀ ਮਹਾਂਪੁਰਖਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ। ਨਸ਼ਿਆਂ ਦੀ ਮਾਰ ਤੋਂ ਬਚੇ ਹੋਣ ਕਰਕੇ ਹੀ ਪੰਜਾਬੀ ਸੰਸਾਰ ਦੇ ਸਭ ਤੋਂ ਵਧੀਆ ਜੁਆਨ ਅਤੇ ਕਿਸਾਨ ਮੰਨੇ ਗਏ ਹਨ। ਸਰਬੰਸਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੇ ਇਤਿਹਾਸ ਦਾ ਰੁੱਖ ਹੀ ਪਲਟ ਦਿੱਤਾ। ਸਦੀਆਂ ਤੋਂ ਜਿਹੜੀ ਕੌਮ ਗ਼ੁਲਾਮੀ ਦਾ ਨਰਕ ਭੋਗ ਰਹੀ ਸੀ ਉਸ ਨੂੰ ਆਜ਼ਾਦੀ ਅਤੇ ਬਰਾਬਰੀ ਦੇ ਸਵਰਗ ਦੀ ਦਾਤ ਬਖਸ਼ੀ। ਸਾਡੇ ਧਾਰਮਿਕ ਆਗੂਆਂ ਤੇ ਪ੍ਰਚਾਰਕਾਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਹੁਣ ਕੌਮ ਕਿਉਂ ਕੁਰਾਹੇ ਪੈ ਰਹੀ ਹੈ। ਉਨ੍ਹਾਂ ਦਾ ਕਾਰਜ ਕਮਾਈ ਦਾ ਸਾਧਨ ਨਹੀਂ ਹੈ ਸਗੋਂ ਕੌਮ ਦੀ ਰਹਿਨੁਮਾਈ ਕਰਨਾ ਹੈ। ਲੋਕਾਈ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜ ਕੁਰਾਹੇ ਪੈਣ ਤੋਂ ਰੋਕਣਾ ਹੈ। ਇਨ੍ਹਾਂ ਮਹਾਂਪੁਰਖਾਂ ਦੇ ਬੋਲ ਅਸਰ ਕਰਦੇ ਹਨ। ਜੇਕਰ ਸਾਡੇ ਧਰਮ ਪ੍ਰਚਾਰਕ, ਧਾਰਮਿਕ ਆਗੂ, ਸੰਤ ਮਹਾਤਮਾ ਚਾਹੁਣ ਤਾਂ ਆਪਣੇ ਬਚਨਾਂ ਰਾਹੀਂ ਪੰਜਾਬੀਆਂ ਨੂੰ ਕੇਵਲ ਨਸ਼ਿਆਂ ਤੋਂ ਹੀ ਦੂਰ ਨਹੀਂ ਕਰ ਸਕਦੇ ਸਗੋਂ ਇਕ ਸੱਚਾ ਸੁੱਚਾ ਜੀਵਨ ਜੀਉਣ ਲਈ ਪ੍ਰੇਰਨਾ ਸਰੋਤ ਬਣ ਸਕਦੇ ਹਨ।



ਡਾ. ਰਣਜੀਤ ਸਿੰਘ

ਇਸੇ ਤਰ੍ਹਾਂ ਨਸ਼ਿਆਂ ਦੀ ਰੋਕਥਾਮ ਵਿੱਚ ਸਾਡੇ ਰਾਜਸੀ ਆਗੂ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਨ੍ਹਾਂ ਵੱਲੋਂ ਨਸ਼ਿਆਂ ਵਿਰੁੱਧ ਪ੍ਰਚਾਰ ਕਰਨ ਦੀ ਥਾਂ ਇਕ ਦੂਜੇ ਉੱਤੇ ਚਿੱਕੜ ਸੁੱਟਿਆ ਜਾ ਰਿਹਾ ਹੈ। ਸਾਰੀਆਂ ਸਿਆਸੀ ਪਾਰਟੀਆਂ ਇਕ ਦੂਜੇ ਨੂੰ ਨਸ਼ਿਆਂ ਲਈ ਜ਼ੁੰਮੇਵਾਰ ਬਣਾ ਰਹੀਆਂ ਹਨ। ਇਸ ਸਦੀ ਵਿੱਚ ਪੰਜਾਬ ਉੱਤੇ ਸਾਰੀਆਂ ਹੀ ਮੁੱਖ ਸਿਆਸੀ ਪਾਰਟੀਆਂ ਨੇ ਰਾਜ ਕੀਤਾ ਹੈ ਪਰ ਕਿਸੇ ਵੀ ਪਾਰਟੀ ਨੇ ਨਸ਼ੇ ਰੋਕਣ ਲਈ ਕੋਈ ਸਾਰਥਿਕ ਯਤਨ ਨਹੀਂ ਕੀਤੇ ਸਗੋਂ ਇਸ ਵਿੱਚ ਵਾਧਾ ਹੀ ਹੋਇਆ ਹੈ। ਅਸਲ ਵਿੱਚ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਸਾਡੇ ਲੀਡਰਾਂ ਦੀ ਅਹਿਮ ਭੂਮਿਕਾ ਹੈ। ਵੋਟ ਪ੍ਰਾਪਤੀ ਲਈ ਵੋਟਰਾਂ ਵਿੱਚ ਨਸ਼ੇ ਆਗੂ ਹੀ ਵੰਡਦੇ ਹਨ। ਨੌਜਵਾਨ ਪੀੜ੍ਹੀ ਨੂੰ ਆਪਣੇ ਜਲਸੇ ਜਲੂਸਾਂ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਨੂੰ ਸਮਾਜਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ ਦੀ ਥਾਂ ਧੱਕੇਸ਼ਾਹੀ ਕਰਨ ਦੇ ਰਾਹੇ ਪਾਇਆ ਜਾਂਦਾ ਹੈ। ਚੋਣ ਪ੍ਰਚਾਰ ਕਰਨ ਪਿੱਛੋਂ ਰਾਤ ਨੂੰ ਉਨ੍ਹਾਂ ਦਾ ਥਕੇਵਾਂ ਲਾਹੁਣ ਲਈ ਨਸ਼ੇ ਵਰਤਾਏ ਜਾਂਦੇ ਹਨ। ਚੋਣਾਂ ਜਿਤਣ ਲਈ ਬੇਤਹਾਸ਼ਾ ਖਰਚ ਕੀਤਾ ਜਾਣ ਲਗ ਪਿਆ ਹੈ। ਇਸ ਖਰਚੇ ਨੂੰ ਪੂਰਾ ਕਰਨ ਲਈ ਇਹ ਆਖਿਆ ਜਾਂਦਾ ਹੈ ਕਿ ਕੁਝ ਅਖੌਤੀ ਆਗੂ ਵੀ ਨਸ਼ੇ ਦੇ ਵਿਉਪਾਰ ਵਿੱਚ ਸ਼ਾਮਿਲ ਹਨ। ਸਰਹੱਦ ਪਾਰੋਂ ਨਸ਼ਾ ਲਿਆਉਣਾ ਤੇ ਉਸ ਦੀ ਵੰਡ ਕਿਸੇ ਤੱਕੜੀ ਸਿਆਸੀ ਸ਼ਹਿ ਤੋਂ ਬਿਨਾਂ ਨਹੀਂ ਹੋ ਸਕਦੀ। ਲੀਡਰੀ ਲੋਕ ਸੇਵਾ ਹੈ। ਲੀਡਰ ਦਾ ਕੰਮ ਆਪਣੇ ਇਲਾਕੇ ਅਤੇ ਲੋਕ ਭਲਾਈ ਲਈ ਕਾਰਜ ਕਰਨੇ ਹਨ ਪਰ ਹੁਣ ਇਹ ਇਕ ਵਿਉਪਾਰ ਬਣਦਾ ਜਾ ਰਿਹਾ ਹੈ। ਇਮਾਨਦਾਰੀ, ਲੋਕ ਸੇਵਾ ਅਤੇ ਸਾਦਗੀ ਦੀ ਥਾਂ ਵਿਖਾਵਾ ਭਾਰੂ ਹੋ ਗਿਆ ਹੈ। ਸਾਡੇ ਆਗੂਆਂ ਨੂੰ ਸੋਚਣਾ ਚਾਹੀਦਾ ਹੈ ਕਿ ਲੋਕਾਂ ਨੇ ਤੁਹਾਡੇ ਉੱਤੇ ਭਰੋਸਾ ਕਰਕੇ ਤੁਹਾਨੂੰ ਤਾਕਤ ਦੀ ਬਖਸ਼ਿਸ਼ ਕੀਤੀ ਹੈ। ਇਸ ਦੀ ਵਰਤੋਂ ਲੋਕ ਭਲਾਈ ਲਈ ਕਰਨ ਦੀ ਥਾਂ ਕੇਵਲ ਆਪਣੀ ਭਲਾਈ ਲਈ ਹੀ ਕਰਨਾ ਲੋਕਾਂ ਦਾ ਭਰੋਸਾ ਤੋੜਨਾ ਹੈ। ਜੇਕਰ ਚੰਗੇ ਕਰਮ ਕਰੋਗੇ ਫਿਰ ਵੋਟ ਪ੍ਰਾਪਤੀ ਲਈ ਤੁਹਾਨੂੰ ਗਲਤ ਢੰਗ ਤਰੀਕੇ ਅਪਨਾਉਣ ਦੀ ਲੋੜ ਹੀ ਨਹੀਂ ਪਵੇਗੀ। ਮਾਇਆ ਨੇ ਲੋਕ ਜਾਂ ਪ੍ਰਲੋਕ ਵਿੱਚ ਸਾਥ ਨਹੀਂ ਦੇਣਾ ਪਰ ਕੀਤੀ ਨੇਕੀ ਨੇ ਹੀ ਲੋਕ ਪਿਆਰ ਅਤੇ ਜੀਵਨ ਦਾ ਅਨੰਦ ਦੇਣਾ ਹੈ।

ਸਾਡੇ ਬਹੁਤੇ ਆਗੂ ਆਪਣੇ ਹਲਕੇ ਵਿੱਚ ਆਪਣੀ ਮਰਜੀ ਦੇ ਅਫਸਰ ਲਗਵਾਉਂਦੇ ਹਨ, ਉਨ੍ਹਾਂ ਤੋਂ ਗਲਤ ਕੰਮ ਕਰਵਾਉਂਦੇ ਹਨ ਅਤੇ ਰਿਸ਼ਵਤ ਖੋਰੀ ਲਈ ਉਕਸਾਉਂਦੇ ਹਨ। ਪੰਜਾਬ ਵਿੱਚ ਰਿਸ਼ਵਤਖੋਰੀ ਪੂਰੇ ਸਿਖਰਾਂ ਉੱਤੇ ਹੈ। ਪੁਲਿਸ ਦਾ ਕੰਮ ਲੋਕ ਹੱਕਾਂ ਦੀ ਰਾਖੀ ਕਰਨਾ ਹੈ ਉਸ ਨੂੰ ਆਗੂ ਰਾਹੋਂ ਭਟਕਾਉਂਦੇ ਹਨ। ਨਸ਼ੇ ਦੇ ਧੰਦੇ ਲਈ ਪੁਲਿਸ ਮੁਲਾਜ਼ਮ ਵੀ ਸਾਹਮਣੇ ਆਏ ਹਨ। ਆਗੂ ਅਤੇ ਸਰਕਾਰੀ ਮੁਲਾਜ਼ਮ ਲੋਕਾਂ ਦੇ ਨੌਕਰ ਹਨ। ਉਨ੍ਹਾਂ ਦੇ ਭਲੇ ਲਈ ਕੰਮ ਕਰਨਾ ਉਨ੍ਹਾਂ ਦੀ ਜ਼ੁੰਮੇਵਾਰੀ ਹੈ। ਇਮਾਨਦਾਰੀ ਨਾਲ ਲੋਕ ਸੇਵਾ ਨਾਲ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਸ ਨੂੰ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ।

ਸਰਕਾਰ ਦਾ ਵੀ ਫ਼ਰਜ਼ ਬਣਦਾ ਹੈ ਕਿ ਸਰਕਾਰੀ ਸਕੂਲਾਂ ਨੂੰ ਸਮੇਂ ਦੇ ਹਾਣ ਦਾ ਬਣਾਵੇ, ਆਮ ਲੋਕਾਂ ਨੂੰ ਨਿੱਜੀ ਸਕੂਲਾਂ ਦੀ ਲੁੱਟ ਤੋਂ ਬਚਾਵੇ। ਸੂਬੇ ਦੇ ਹੁਨਰੀ ਕੇਂਦਰਾਂ ਨੂੰ ਆਧੁਨਿਕ ਬਣਾਵੇ ਤਾਂ ਜੋ ਇਥੋਂ ਸਿੱਖਿਆ ਪ੍ਰਾਪਤ ਬੱਚੇ ਆਪਣੇ ਪੈਰਾਂ ਉੱਤੇ ਖੜੇ ਹੋ ਸਕਣ। ਢੁਕਵੇਂ ਸਕੂਲਾਂ ਵਿੱਚ ਵੀ ਹੁਨਰ ਸਿਖਲਾਈ ਕੇਂਦਰ ਖੋਲਣੇ ਚਾਹੀਦੇ ਹਨ ਤਾਂ ਜੋ +2 ਤੱਕ ਪੜ੍ਹਾਈ ਪੂਰੀ ਕਰਨ ਪਿਛੋਂ ਵਿਦਿਆਰਥੀ ਆਪਣੇ ਲਈ ਰੁਜ਼ਗਾਰ ਲਭ ਸਕੇ। ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਨਹੀਂ ਹੈ। ਹੁਣ ਬਹੁਤੇ ਹੁਨਰੀ ਦੂਜੇ ਸੂਬਿਆਂ ਵਿੱਚੋਂ ਆਕੇ ਇੱਥੇ ਕੰਮ ਕਰਦੇ ਹਨ ਅਤੇ ਚੰਗੀ ਕਮਾਈ ਕਰਦੇ ਹਨ। ਇਸੇ ਤਰ੍ਹਾਂ ਰਾਜ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਆਦੇਸ਼ ਦਿੱਤੇ ਜਾਣ ਕਿ ਉਹ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਿਤਿਹਾਨਾਂ ਲਈ ਤਿਆਰ ਕਰਨ। ਹੁਣ ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਬਹੁਤ ਘੱਟ ਪੰਜਾਬੀ ਮੁੰਡੇ ਕੰਮ ਕਰਦੇ ਨਜ਼ਰ ਆਉਂਦੇ ਹਨ।

ਸਾਰੀਆਂ ਧਿਰਾਂ ਨੂੰ ਆਪਣੇ ਰਾਜਸੀ ਹਿੱਤਾਂ ਤੋਂ ਉੱਤੇ ਉਠ ਕੇ ਸੂਬੇ ਦੇ ਹਿੱਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਂ ਜੋ ਸਾਰਿਆਂ ਦੀ ਸਹਿਮਤੀ ਨਾਲ ਇਕ ਕਾਰਜ ਯੋਜਨਾ ਬਣਾਈ ਜਾ ਸਕੇ। ਜੇਕਰ ਹੁਣ ਵੀ ਅਜੇਹਾ ਨਾ ਕੀਤਾ ਗਿਆ ਤਾਂ ਪੰਜਾਬ ਦਾ ਸਰੂਪ ਹੀ ਬਦਲ ਜਾਵੇਗਾ, ਫਿਰ ਆਗੂ ਆਪਣੀਆਂ ਗਤੀਵਿਧੀਆਂ ਕਿਵੇਂ ਅਤੇ ਕਿੱਥੇ ਕਰਨਗੇ। ਜਾਗੋ ਪੰਜਾਬੀਓ, ਪੰਜਾਬ ਨੂੰ ਬਚਾਵੋ ।

# ਸ਼ਹਿਦ ਦੇ ਨਾਲ ਕਰੋ - ਸਿਹਤ ਦੀ ਸੰਭਾਲ

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ ਪੀ. ਏ. ਯੂ., ਲੁਧਿਆਣਾ

**ਸ਼ਹਿਦ ਨਿੰਬੂ ਪਾਣੀ ਤਾਂ ਕੁਦਰਤ ਦੀ ਦਾਤ ਹੈ,**
**ਬਜ਼ਾਰੀ ਠੰਡੇ ਤਾਂ ਕੇਵਲ ਮੂੰਹ ਦਾ ਹੀ ਸਵਾਦ ਹੈ।**



**ਸ਼ਹਿਦ ਦੀ ਬਣਤਰ :**

ਮੁੱਖ ਤੱਤ, ਗੋਲੂਕੋਜ਼, ਫਰੈਕਟੋਜ਼, ਮਾਲਟੋਜ਼, ਸੁਕਰੋਜ਼, ਵਿਟਾਮਿਨ ਸੀ, ਬੀ-1, ਬੀ-2, ਬੀ-6, ਬੀ-12, ਵਿਟਾਮਿਨ-ਏ, ਸੋਡੀਅਮ, ਕੋਪਰ, ਆਇਰਨ, ਪੋਟਾਸ਼ੀਅਮ, ਮੈਗਨੀਜ਼ ਏਸਿਡਜ਼, ਅਲਕਲੀਜ਼, ਨਾਈਸੀਨ, ਪਾਣੀ ਆਦਿ ਹਨ। ਡਾ: ਸਰਦਾਰ ਸਿੰਘ ਅਨੁਸਾਰ ਇਹਨਾਂ ਤੱਤਾਂ ਦੀ ਪਛਾਣ ਲੈਬੋਰਟਰੀ ਦੇ ਟੈਸਟ ਤੋਂ ਬਗੈਰ ਨਹੀਂ ਕੀਤੀ ਜਾ ਸਕਦੀ। ਖਪਤਕਾਰ ਕੋਲ ਕੋਈ ਵੀ ਸਿੱਕੇ ਬੰਦ ਫਾਰਮੂਲਾ ਨਹੀਂ ਹੈ ਕਿ ਉਹ ਪਰਖ ਲਵੇ ਕੁੱਤੇ ਨੂੰ ਪਾਉਣਾ, ਜਲਾ ਕੇ ਵੇਖਣਾ, ਨੋਟ ਤੇ ਪਾ ਕੇ ਮੋਮਬੱਤੀ ਜਲਾਉਣਾ, ਮੱਖੀ ਪਾ ਕੇ ਵੇਖਣਾ ਆਦਿ ਟੈਸਟਾਂ ਦਾ ਕੋਈ ਵਿਗਿਆਨਿਕ ਆਧਾਰ ਨਹੀਂ ਹੈ। ਹਾਂ ਮਨ ਨੂੰ ਸ਼ਾਂਤੀ ਦੇਣ ਵਾਲੇ ਟੈਸਟ ਜ਼ਰੂਰ ਹਨ।

**ਗੁਣ :**

1. ਡਾਕਟਰ ਹੈਡੱਕ (Meena Sota University Japan) ਅਨੁਸਾਰ 1 ਕਿਲੋ ਸ਼ਹਿਦ ਬਰਾਬਰ ਹੈ ਡੇਢ ਕਿਲੋ ਹੱਡੀ ਰਹਿਤ ਮੱਛੀ ਜਾਂ 8 ਕਿਲੋ ਦੁੱਧ ਦੀ ਕਰੀਮ ਜਾਂ 13 ਕਿਲੋ ਦੁੱਧ ਜਾਂ 65 ਅੰਡਿਆਂ ਦੇ ਬਰਾਬਰ



ਊਰਜਾ ਹੁੰਦੀ ਹੈ। ਇੱਕ ਚਮਚੇ ਸ਼ਹਿਦ ਵਿੱਚ 75 ਕਲੋਰੀਆਂ ਹੁੰਦੀਆਂ ਹਨ, ਦੁੱਧ ਅਤੇ ਸ਼ਹਿਦ ਇੱਕ ਸੰਤੁਲਿਤ ਭੋਜਨ ਬਣ ਜਾਂਦਾ ਹੈ।

2. ਦੁੱਧ ਅਤੇ ਸ਼ਹਿਦ ਦੇ ਬਰਾਬਰ ਦੁਨੀਆਂ ਦੀ ਕੋਈ ਵੀ ਮਾਸਾਹਾਰੀ ਜਾਂ ਸ਼ਾਕਾਹਾਰੀ ਖੁਰਾਕ ਨਹੀਂ ਹੈ।

3. ਸ਼ਹਿਦ ਸਰਦੀਆਂ ਵਿੱਚ ਦੁੱਧ ਵਿੱਚ, ਗਰਮੀਆਂ ਵਿੱਚ ਪਾਣੀ ਵਿੱਚ ਪਾ ਕੇ ਅਤੇ ਬਰਸਾਤਾਂ ਵਿੱਚ ਰੁੱਖਾ ਖਾਣਾ ਚਾਹੀਦਾ ਹੈ।

4. ਰੋਟੀ, ਮਿਲਕ ਕੇਕ, ਫਲਾਂ ਆਦਿ 'ਤੇ ਲਗਾ ਕੇ ਖਾਉ। ਇਹ ਜੈਮ ਅਤੇ ਜੈਲੀ ਨਾਲੋਂ ਪੌਸ਼ਟਿਕ ਅਤੇ ਸਸਤਾ ਹੈ।

5. ਨਵ-ਜੰਮੇ ਲਿੱਸੇ ਬੱਚੇ ਨੂੰ ਮੋਟਾ ਕਰਦਾ ਹੈ ਅਤੇ ਭਾਰ ਵਧਾਉਂਦਾ ਹੈ।

6. ਹੀਮੋਗਲੋਬਿਨ, ਚਿੱਟੇ ਸੈਲਾਂ ਅਤੇ ਲਾਲ ਸੈਲਾਂ ਦਾ ਵਾਧਾ ਕਰਦਾ ਹੈ।

7. ਇੱਕ ਚਮਚਾ ਜੌਂ ਦਾ ਆਟਾ 6-7 ਬੂੰਦਾਂ ਸ਼ਹਿਦ ਦੀਆਂ ਮਿਲਾ ਕੇ ਚਿਹਰੇ 'ਤੇ ਮਲੋ, ਕਿਲ-ਛਾਈਆਂ ਦੂਰ ਕਰਦਾ ਹੈ।

8. ਪ੍ਰਤੀ ਦਿਨ 70 ਗ੍ਰਾਮ ਸ਼ਹਿਦ ਦੀ ਵਰਤੋਂ ਨਾਲ ਦਿਲ ਦੇ ਰੋਗਾਂ 'ਤੇ ਕੰਟਰੋਲ ਰੱਖਦਾ ਹੈ।

9. ਦਹੀਂ ਵਿੱਚ ਮਿਲਾ ਕੇ ਵਰਤਣ ਨਾਲ ਟੱਟੀਆਂ ਦੂਰ ਕਰਦਾ ਹੈ। (250 ਗ੍ਰਾਮ ਦਹੀਂ, 3 ਚਮਚੇ ਸ਼ਹਿਦ ਪ੍ਰਤੀ ਦਿਨ ਤਿੰਨ ਵਾਰ)

10. ਖਾਣੇ ਦੇ ਪਿਛੋਂ ਸ਼ਹਿਦ ਦੀ ਵਰਤੋਂ ਪੇਟ ਗੈਸ, ਬਦਹਜ਼ਮੀ, ਭੁੱਖ ਨਾ ਲੱਗਣੀ ਆਦਿ ਦੂਰ ਕਰਦਾ ਹੈ।

11. ਜੁਕਾਮ ਹੋਣ 'ਤੇ ਤਿੰਨ ਵਾਰ ਗਰਮ ਪਾਣੀ ਵਿੱਚ ਇੱਕ ਚਮਚ ਸ਼ਹਿਦ ਦੀ ਵਰਤੋਂ ਕਰੋ।

12. ਅਦਰਕ ਦੇ ਰਸ ਵਿੱਚ ਮਿਲਾ ਕੇ ਖਾਣ ਨਾਲ ਖੰਘ ਦੂਰ ਕਰਦਾ ਹੈ।

13. ਨੀਂਦ ਨਾ ਆਉਣ 'ਤੇ 2 ਚਮਚ ਸ਼ਹਿਦ ਖਾਓ।

14. ਦੁੱਧ ਵਿੱਚ ਦੋ ਚਮਚ ਸ਼ਹਿਦ ਪਾ ਕੇ ਪੀਓ ਕਬਜ਼ ਦੂਰ। (ਉਬਾਲ ਕੇ ਅੱਗ ਤੋਂ ਉਤਾਰ ਕੇ ਸ਼ਹਿਦ ਮਿਲਾਉ)

15. 30 ਦਿਨ ਰੋਟੀ ਚੋਪੜ ਕੇ ਖਾਉ, ਆਲਸ ਦੂਰ ਹੋ ਜਾਵੇਗਾ।

16. ਮੋਟਾਪਾ ਦੂਰ ਕਰਨ ਲਈ ਖਾਲੀ ਪੇਟ ਸ਼ਹਿਦ ਦੀ ਸ਼ਕੰਜਵੀਂ ਪੀਓ, ਸਰਦੀਆਂ ਵਿੱਚ ਅਦਰਕ + ਸ਼ਹਿਦ ਦੀ ਚਟਨੀ ਖਾਉ। (ਘੱਟੋ-ਘੱਟ 90 ਦਿਨ)

17. ਜਲੇ ਹੋਏ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਲਾਉਣ ਨਾਲ ਛਾਲੇ ਨਹੀਂ ਪੈਣਗੇ ਅਤੇ ਦਰਦ ਦੂਰ ਹੋ ਜਾਵੇਗੀ।

18. ਨਿੰਬੂ ਦਾ ਰਸ 10 ਗ੍ਰਾਮ, ਗੁਲਾਬ ਦਾ ਰਸ 10 ਗ੍ਰਾਮ, ਸ਼ਹਿਦ 10 ਗ੍ਰਾਮ ਮਿਲਾ ਕੇ ਚੇਹਰੇ 'ਤੇ ਮਲੋ ਸੁੰਦਰਤਾ ਵਿੱਚ ਨਿਖਾਰ ਆਉਂਦਾ ਹੈ।

19. ਦੁਖਦੀਆਂ ਅੱਖਾਂ ਵਿੱਚ ਸ਼ਹਿਦ ਦੀ ਸਲਾਈ ਪਾਉ, ਅੱਖਾਂ ਸਾਫ਼ ਅਤੇ ਦਰਦ ਦੂਰ ਕਰਦਾ ਹੈ।

20. ਸ਼ਹਿਦ ਪ੍ਰਮਾਤਮਾ ਵੱਲੋਂ ਮਨੁੱਖ ਜਾਤੀ ਨੂੰ ਦਿੱਤਾ ਵੱਡਮੁੱਲਾ (ਅੰਮ੍ਰਿਤ) ਤੋਹਫਾ ਹੈ। ਐਂਟੀਸੈਪਟਿਕ ਹੈ। ਸਾਡੇ ਮਿਹਦੇ ਨੂੰ ਹਜਮ ਕਰਨ ਦੀ ਲੋੜ ਨਹੀਂ ਪੈਂਦੀ, ਕਿਉਂਕਿ ਇਹ ਇੱਕ ਪਚਿਆ ਪਚਾਇਆ ਭੋਜਨ ਹੈ।

21. ਜੋ ਬੱਚਾ ਰਾਤ ਨੂੰ ਬਿਸਤਰੇ 'ਤੇ ਪਿਸ਼ਾਬ ਕਰੇ, ਰਾਤ ਨੂੰ ਅੱਧਾ ਚਮਚ ਸ਼ਹਿਦ ਖਵਾਉ, ਬੱਚਾ ਬਾਰ-ਬਾਰ ਪਿਸ਼ਾਬ ਨਹੀਂ ਕਰੇਗਾ।

22. ਹਾਈ ਬਲੱਡ ਪ੍ਰੈਸ਼ਰ ਲਈ ਅੱਧਾ ਚਮਚ ਲਸਣ ਦਾ ਪਾਣੀ, 1 ਚਮਚ ਸ਼ਹਿਦ 2 ਵਾਰ ਰੋਜ਼ਾਨਾ 7 ਦਿਨ ਲਉ। ਲੋਅ ਬਲੱਡ ਪ੍ਰੈਸ਼ਰ ਵਿੱਚ ਕੇਵਲ ਪਾਣੀ ਵਿੱਚ।

23. ਥਕੇਵਾਂ ਹੋਣ 'ਤੇ 2 ਚਮਚ ਸ਼ਹਿਦ, 1 ਗਲਾਸ ਪਾਣੀ ਮਿਲਾ ਕੇ ਪੀਓ, ਥਕਾਵਟ ਇੱਕ ਦਮ ਦੂਰ ਹੋ ਜਾਵੇਗੀ।

24. 3 ਗ੍ਰਾਮ ਸੁੰਢ, 3 ਗ੍ਰਾਮ ਕਾਲੀ ਮਿਰਚ, ਦੋਨੋਂ ਪੀਸ ਕੇ ਇੱਕ ਚਮਚ ਸ਼ਹਿਦ 4 ਵਾਰ ਪ੍ਰਤੀ ਦਿਨ 21 ਦਿਨ ਵਰਤੋਂ, ਬਲਗਮ ਤੇ ਖਾਂਸੀ, ਦਰਦਾਂ ਦੂਰ ਕਰਦਾ ਹੈ।

25. ਪੱਛਮ ਵਿੱਚ ਤਜ਼ਰਬੇ ਹੋਏ ਹਨ ਕਿ ਜੋ ਮਾਂ ਜਣੇਪੇ ਸਮੇਂ ਮਰ ਗਈ, ਬੱਚੇ ਨੂੰ ਸ਼ਹਿਦ ਅਤੇ ਦੁੱਧ ਨਾਲ ਪਾਲਿਆ ਗਿਆ, ਉਹ ਬੱਚੇ ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਨਾਲੋਂ ਵੱਧ ਹੱਟੇ-ਕੱਟੇ ਸਾਬਤ ਹੋਏ। ਓਪਰਾ ਦੁੱਧ ਲਾਉਣ ਵੇਲੇ ਖੰਡ ਦੀ ਥਾਂ ਸ਼ਹਿਦ ਪਾ ਕੇ ਪਿਲਾਓ।

26. ਚਿਹਰਾ ਪੀਲਾ ਹੋਵੇ ਤਾਂ 90 ਦਿਨ ਲਗਾਤਾਰ ਇੱਕ ਗਿਲਾਸ ਦੁੱਧ ਵਿੱਚ 2 ਚਮਚ ਪਾ ਕੇ ਪੀਓ, ਚਿਹਰਾ ਲਾਲ ਸੂਹਾ ਹੋ ਜਾਵੇਗਾ।

27. ਬਾਰ-ਬਾਰ ਉਲਟੀ ਆਵੇ ਤਾਂ ਤਲੀ 'ਤੇ ਸ਼ਹਿਦ ਪਾ ਕੇ ਚੱਟੋ।

28. ਗਰਭ ਤੇ ਆਖਰੀ ਤਿੰਨ ਮਹੀਨੇ 1 ਗਿਲਾਸ ਦੁੱਧ ਦੇ ਵਿੱਚ ਸ਼ਹਿਦ ਮਿਲਾ ਕੇ ਪੀਓ, ਮਾਂ ਅਤੇ ਬੱਚੇ ਨੂੰ ਖੂਨ ਦੀ ਘਾਟ ਨਹੀਂ ਆਵੇਗੀ। ਗਰਭ ਸਮੇਂ ਖੂਨ ਦੀ ਘਾਟ ਹਾਨੀਕਾਰਕ ਹੈ।

29. ਦਿਮਾਗੀ ਕਮਜ਼ੋਰੀ 2 ਚਮਚੇ ਸ਼ਹਿਦ 1 ਗਿਲਾਸ ਦੁੱਧ ਵਿੱਚ ਮਿਲਾ ਕੇ 40 ਦਿਨ ਖਾਓ, ਯਾਦ ਸ਼ਕਤੀ ਵਧੇਗੀ।

30. ਚਾਰ ਚਮਚੇ ਘਿਓ, 2 ਚਮਚੇ ਸ਼ਹਿਦ, 1 ਗਿਲਾਸ ਦੁੱਧ ਵਿੱਚ ਮਿਲਾ ਕੇ 40 ਦਿਨ ਖਾਓ, ਨਾਮਦਰਦੀ ਦੂਰ ਹੋ ਜਾਵੇਗੀ।

31. ਜੋ ਰੋਜ਼ਾਨਾ ਦੁੱਧ ਸ਼ਹਿਦ ਪੀਂਦੇ ਹਨ, ਪੇਟ ਵਿੱਚ ਕੀੜੇ ਨਹੀਂ ਹੁੰਦੇ।

32. ਵਧੇਰੇ ਪਿਸ਼ਾਬ ਆਵੇ ਤਾਂ 5 ਗ੍ਰਾਮ ਔਲੇ ਦਾ ਰਸ, ਇੱਕ ਚੁਟਕੀ ਹਲਦੀ, ਅੱਧਾ ਚਮਚ ਸ਼ਹਿਦ ਮਿਲਾ ਕੇ 7 ਦਿਨ ਵਰਤੋ।

33. ਅਦਰਕ ਰਸ, ਮੱਖਣ, ਮਲਾਈ ਜਾਂ ਰੋਟੀ ਚੋਪੜ ਕੇ ਰੋਜ਼ਾਨਾ ਖਾਓ, ਬੁਢਾਪਾ ਨੇੜੇ ਨਹੀਂ ਆਉਂਦਾ।

34. ਭੁੱਖ ਨਾ ਲੱਗਣਾ, ਇੱਕ ਕੱਪ ਗਰਮ ਪਾਣੀ ਵਿੱਚ 5-7 ਬੂੰਦਾਂ ਨਿੰਬੂ ਰਸ ਮਿਲਾ ਕੇ ਦੋ ਚਮਚ ਸ਼ਹਿਦ ਮਿਲਾ ਕੇ 2-2 ਘੰਟੇ ਬਾਅਦ ਪੀਓ, ਭੁੱਖ ਜਾਗ ਪਵੇਗੀ।

35. ਮੂੰਹ ਤੇ ਕਿਲ, 10 ਗ੍ਰਾਮ ਸੁੱਕੇ ਔਲੇ ਰਾਤ ਨੂੰ ਭਿਓਂ ਦਿਉ, ਸਵੇਰੇ ਖੁੱਲੇ ਬਰਤਨ ਵਿੱਚ ਪਾ ਕੇ ਖੂਬ ਮਲੋ। ਇਹ ਪਾਣੀ ਪੁਣ ਕੇ 25 ਗ੍ਰਾਮ ਸ਼ਹਿਦ ਮਿਲਾ ਕੇ 21 ਦਿਨ ਪੀਓ, ਕਿਲ ਛਾਈਆਂ ਦੂਰ।

36. (ਨਸ਼ਾ) ਵਧੇਰੇ ਪੀ ਕੇ ਜੇ ਕੋਈ ਨੀਮ ਬੇਹੋਸ਼ ਹੋ ਜਾਵੇ ਤਾਂ 2 ਚਮਚੇ ਸ਼ਹਿਦ ਚਟਾ ਦਿਓ, ਨਸ਼ਾ ਉਤਰ ਜਾਵੇਗਾ।

37. ਹੈਜਾ ਹੋਣ 'ਤੇ ਉਲਟੀ ਅਤੇ ਦਸਤ ਆਉਂਦੇ ਹਨ, ਅੱਧਾ ਚਮਚ ਸ਼ਹਿਦ ਅਤੇ ਅੱਧਾ ਚਮਚ ਪਿਆਜ਼ ਰਸ ਅੱਧੇ ਘੰਟੇ ਦੀ ਵਿੱਥ 'ਤੇ ਦਿਓ, ਪਿਆਸ ਲੱਗਣ 'ਤੇ ਸ਼ਹਿਦ ਨਿੰਬੂ ਰਸ ਹੀ ਦਿਓ।

38. ਚਿੜਚਿੜਾਪਨ (ਚਿੰਤਾ ਪ੍ਰੇਸ਼ਾਨੀ) ਤੋਂ ਮਨੁੱਖ ਚਿੜਚਿੜਾ ਹੋ ਜਾਂਦਾ ਹੈ। ਔਲੇ ਦਾ ਮੁਰੱਬਾ ਚਾਸ਼ਨੀ ਸਾਫ਼ ਕਰਕੇ ਗੁੱਦਾ ਸ਼ਹਿਦ ਨਾਲ ਮਿਲਾ ਕੇ ਪ੍ਰਤੀ ਦਿਨ ਦੋ ਵਾਰ ਖਾਉ।



## ਸ਼ਹਿਦ ਕਿਉਂ ਜੰਮਦਾ ਹੈ ?

ਗਰਮ ਰੁੱਤ ਦੇ ਫੁੱਲ ਸਫੈਦਾ, ਬਰਸੀਮ ਆਦਿਕ ਫੁੱਲਾਂ ਦੇ ਰਸ ਵਿੱਚ ਗੁਲੂਕੋਜ਼ ਤਕਰੀਬਨ 31% ਹੁੰਦਾ ਹੈ, ਜਦੋਂਕਿ ਸਰਦ ਰੁੱਤ ਦੇ ਫੁੱਲਾਂ ਵਿੱਚ ਗੁਲੂਕੋਜ਼ ਤਕਰੀਬਨ 45% ਹੁੰਦਾ ਹੈ। ਸ਼ਹਿਦ ਵਿੱਚ ਗੁਲੂਕੋਜ਼ ਦੀ ਜ਼ਿਆਦਾ ਮਾਤਰਾ ਹੋਣ ਨਾਲ ਸ਼ਹਿਦ ਜੰਮਦਾ ਹੈ। ਇਸ ਤੋਂ ਇਲਾਵਾ ਦਸੰਬਰ ਵਿੱਚ ਤਾਪਮਾਨ ਘੱਟ ਹੋਣ ਕਾਰਨ ਵੀ ਸ਼ਹਿਦ ਜੰਮਦਾ ਹੈ। ਜੰਮੇ ਸ਼ਹਿਦ ਨੂੰ ਧੁੱਪ ਵਿੱਚ ਪਤਲਾ ਕਰ ਸਕਦੇ ਹੋ। ਜੰਮਿਆ ਸ਼ਹਿਦ ਵੀ ਸ਼ੁੱਧ ਹੁੰਦਾ ਹੈ।

**ਸ਼ਹਿਦ ਕੁਦਰਤ ਦੀ ਹੈ ਦਾਤ, ਵਿਸਰ ਗਈ ਹੈ ਮਾਨਵ ਜਾਤ,**
**ਸ਼ਹਿਦ ਜਿਹੀ ਕੋਈ ਖੁਰਾਕ ਨਹੀਂ, ਜਿਵੇਂ ਮਾਂ ਵਰਗਾ ਕੋਈ ਸਾਕ ਨਹੀਂ।**



# ਮੌਨਸੂਨ ਵਿੱਚ ਆਪਣੀ ਬਗੀਚੀ ਦਾ ਕਿਸ ਤਰ੍ਹਾਂ ਰੱਖੀਏ ਖਿਆਲ

**ਬਗੀਚੇ ਦੀ ਕਰੀਏ ਸਫਾਈ** : ਤੁਹਾਡੇ ਘਰ ਦੇ ਬਗੀਚੇ ਵਿੱਚ ਬਾਰਿਸ਼ ਦੇ ਦਿਨਾਂ ਵਿੱਚ ਥਾਂ-ਥਾਂ ਪਾਣੀ ਜਮ੍ਹਾਂ ਹੋ ਜਾਂਦਾ ਹੈ । ਬੂਟਿਆਂ ਤੋਂ ਮਿੱਟੀ ਵਹਿ ਕੇ ਬਾਹਰ ਆ ਜਾਂਦੀ ਹੈ । ਇਸ ਦੇ ਨਾਲ ਹੀ ਮਿੱਟੀ ਦੇ ਪੋਸ਼ਕ ਤੱਤ ਵਹਿ ਜਾਂਦੇ ਹਨ ਅਤੇ ਇਨ੍ਹਾਂ ਪੋਸ਼ਕ ਤੱਤਾਂ ਦੀ ਕਮੀ ਨਾਲ ਬੂਟੇ ਬਾਰਿਸ਼ ਵਿੱਚ ਖਰਾਬ ਹੋਣ ਲੱਗਦੇ ਹਨ । ਗਮਲਿਆਂ ਵਿੱਚ ਸਹੀ ਨਿਕਾਸੀ ਨਾ ਹੋਣ ਨਾਲ ਪਾਣੀ ਜਮ੍ਹਾਂ ਹੋਣਾ, ਜ਼ਮੀਨ ਵਿੱਚ ਪਾਣੀ ਦੇ ਇਕੱਠਾ ਹੋਣਾ, ਜਲ ਨਿਕਾਸੀ ਦੀ ਸਹੀ ਵਿਵਸਥਾ ਨਾ ਹੋਣ ਕਾਰਨ ਮਿੱਟੀ ਵਿੱਚ ਲੱਗੇ ਬੂਟਿਆਂ ਦੇ ਸੜਨ ਵਰਗੀ ਸਮੱਸਿਆ ਹੋ ਸਕਦੀ ਹੈ । ਇਸ ਲਈ ਬਾਰਿਸ਼ ਹੋਣ ਤੋਂ ਬਾਅਦ ਆਪਣੀ ਬਗੀਚੀ ਵਿੱਚ ਪਾਣੀ ਜਮ੍ਹਾਂ ਨਾ ਹੋਣ ਦਿਉ । ਜਿਨ੍ਹਾਂ ਗਮਲਿਆਂ ਵਿੱਚ ਪਾਣੀ ਜਮ੍ਹਾਂ ਹੋ ਜਾਂਦਾ ਹੈ, ਉਸ ਨੂੰ ਉਲਟਾ ਕੇ ਕੱਢੋ ਤਾਂ ਕਿ ਬੂਟੇ ਨਾ ਸੜਨ ।



**ਕਾਂਟ-ਛਾਂਟ** : ਇਸ ਮੌਸਮ ਵਿੱਚ ਬੂਟੇ ਕਾਫ਼ੀ ਤੇਜ਼ ਰਫਤਾਰ ਨਾਲ ਵੱਧਦੇ ਹਨ । ਇਸ ਲਈ ਇਨ੍ਹਾਂ ਵਿੱਚ ਥੋੜ੍ਹੀ-ਥੋੜ੍ਹੀ ਕਾਂਟ-ਛਾਂਟ ਕਰਦੇ ਰਹੋ, ਤਾਂ ਕਿ ਉਨ੍ਹਾਂ ਦਾ ਵਾਧਾ ਚੰਗੀ ਤਰ੍ਹਾਂ ਹੋ ਸਕੇ । ਨਵੇਂ-ਨਵੇਂ ਪੁੰਗਰੇ ਬੂਟਿਆਂ ਦੇ ਉੱਗਣ ਦਾ ਸਮਾਂ ਹੋਣ ਕਾਰਨ ਇਨ੍ਹਾਂ ਦਾ ਵਧੇ ਵੱਲ ਵੀ ਖਾਸ ਧਿਆਨ ਦਿਉ ਤਾਂ ਕਿ ਫੁੱਲਾਂ ਨੂੰ ਖਿੜਨ ਅਤੇ ਕਲੀਆਂ ਨੂੰ ਕੱਢਣ ਲਈ ਥਾਂ ਮਿਲ ਸਕੇ ।

**ਗੰਡੋਏ ਹਨ ਮਿੱਟੀ ਦੀ ਜਾਨ** : ਇਸ ਮੌਸਮ ਵਿੱਚ ਗਮਲੇ ਜਾਂ ਜ਼ਮੀਨ 'ਤੇ ਲੱਗੇ ਬੂਟਿਆਂ ਵਿੱਚ ਕਾਫ਼ੀ ਮਾਤਰਾ ਵਿੱਚ ਗੰਡੋਏ ਹੋ ਜਾਂਦੇ ਹਨ । ਉਨ੍ਹਾਂ ਨੂੰ ਬਹੁਤ ਸੰਭਾਲ ਕੇ ਰੱਖੋ । ਜੇਕਰ ਕਿਸੇ ਥਾਂ ਦੀ ਮਿੱਟੀ ਦੇ ਉੱਪਰ ਰੱਖੇ ਗਮਲੇ ਨੂੰ ਹਟਾਉਂਦੇ ਹਾਂ ਅਤੇ ਹੇਠਾਂ ਗੰਡੋਇਆਂ ਦਾ ਢੇਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਸਾਵਧਾਨੀ ਨਾਲ ਚੁੱਕ ਕੇ ਮਿੱਟੀ ਵਿੱਚ ਰੱਖ ਦਿਉ । ਬਿਨਾਂ ਮਿੱਟੀ ਅਤੇ ਨਮੀ ਦੇ ਤੇਜ਼ ਧੁੱਪ ਵਿੱਚ ਉਹ ਮਰ ਜਾਂਦੇ ਹਨ । ਯਾਦ ਰੱਖੋ, ਗੰਡੋਏ ਮਿੱਟੀ ਦੀ ਜਾਨ ਹੁੰਦੇ ਹਨ । ਇਹ ਬੂਟਿਆਂ ਨੂੰ ਹਵਾ ਉਪਲੱਬਧ ਕਰਵਾਉਂਦੇ ਹਨ ਅਤੇ ਉਨ੍ਹਾਂ ਨੂੰ ਸੜਨ ਤੋਂ ਬਚਾਉਂਦੇ ਹਨ ।

**ਘਾਹ-ਫੂਸ** : ਇਨ੍ਹੀਂ ਦਿਨੀਂ ਬੂਟਿਆਂ ਵਿੱਚ ਘਾਹ-ਫੂਸ ਕਾਫ਼ੀ ਜ਼ਿਆਦਾ ਹੋ ਜਾਂਦਾ ਹੈ ਅਤੇ ਇਹ ਤੇਜ਼ੀ ਨਾਲ ਵਾਧਾ ਕਰਦਾ ਹੈ, ਜਿਸ ਕਾਰਨ ਇਹ ਬੂਟਿਆਂ ਦੇ ਹਿੱਸੇ ਦੀ ਖੁਰਾਕ ਨੂੰ ਖਾ ਕੇ ਬਹੁਤ ਛੇਤੀ ਵਧਦਾ ਹੈ । ਇਸ ਲਈ ਆਪਣੇ ਬਗੀਚੇ ਦੀ ਕਟਾਈ, ਛੰਟਾਈ ਜ਼ਰੂਰ ਕਰੋ ਅਤੇ ਘਾਹ-ਫੂਸ ਨੂੰ ਬਾਹਰ ਕੱਢ ਕੇ ਉਸ ਦੀਆਂ ਜੜ੍ਹਾਂ ਨੂੰ ਖਤਮ ਕਰ ਦੇਣ ਅਤੇ ਬਾਕੀ ਹਿੱਸੇ ਨੂੰ ਖਾਦ ਵਿੱਚ ਪਾਉ ।

**ਭਾਰੀ ਬਾਰਿਸ਼ ਤੋਂ ਬੂਟਿਆਂ ਨੂੰ ਬਚਾਉ** : ਜ਼ਿਆਦਾ ਬਾਰਿਸ਼ ਨਾਲ ਬੂਟੇ ਪੂਰੀ ਤਰ੍ਹਾਂ ਸੜ ਜਾਂਦੇ ਹਨ, ਜੇਕਰ ਉਨ੍ਹਾਂ ਦੀਆਂ ਜੜ੍ਹਾਂ ਵਿੱ ਚ ਪਾਣੀ ਲੰਮੇ ਸਮੇਂ ਤੱਕ ਰਹਿ ਜਾਂਦਾ ਹੈ । ਇਸ ਲਈ ਇਸ ਤਰ੍ਹਾਂ ਦੀ ਵਿਸ਼ੇਸ਼ ਕਿਸਮ ਦੀ ਪਲਾਸਟਿਕ ਸ਼ੀਟਸ ਬਾਜ਼ਾਰ ਵਿੱਚ ਮੌਜੂਦ ਹੁੰਦੀਆਂ ਹਨ, ਜੋ ਬੂਟਿਆਂ ਨੂੰ ਜ਼ਿਆਦਾ ਬਾਰਿਸ਼ ਅਤੇ ਨਮੀ ਤੋਂ ਬਚਾਉਂਦੀਆਂ ਹਨ, ਜਿਨ੍ਹਾਂ ਦੇ ਅੰਦਰ ਤੋਂ ਹਵਾ ਲਗਾਤਾਰ ਬੂਟਿਆਂ ਨੂੰ ਮਿਲਦੀ ਹੈ ਅਤੇ ਉਹ ਸਿਹਤਮੰਦ ਰਹਿ ਸਕਦੇ ਹਨ ।

**ਹਰੀ ਕਾਈ ਨੂੰ ਹਟਾਓ** : ਬਾਰਿਸ਼ ਵਿੱਚ ਬਗੀਚੇ ਦੀ ਜ਼ਮੀਨ ਅਤੇ ਬੂਟਿਆਂ ਦੀ ਮਿੱਟੀ ਵਿੱਚ ਹਰੀ ਕਾਈ ਜੰਮਣ ਲੱਗਦੀ ਹੈ, ਜੋ ਬੂਟਿਆਂ ਦਾ ਵਾਧੇ 'ਤੇ ਬੁਰਾ ਅਸਰ ਪਾਉਂਦੀ ਹੈ । ਇਸ ਲਈ ਇਸ ਨੂੰ ਹਟਾਉਣ ਲਈ ਬੂਟਿਆਂ ਦੀ ਗੋਡੀ ਕਰੋ ਅਤੇ ਉਸ ਹਿੱਸੇ ਨੂੰ ਕੱਢ ਕੇ ਬਾਹਰ ਕਰ ਦਿਉ ।

**ਬੂਟਿਆਂ ਨੂੰ ਆਸਰਾ ਦਿਉ** : ਬਾਰਿਸ਼ ਭਾਵੇਂ ਹੀ ਬੂਟਿਆਂ ਲਈ ਫਾਇਦੇਮੰਦ ਹੁੰਦੀ ਹੈ, ਪਰ ਬਾਰਿਸ਼ ਦੇ ਨਾਲ ਜ਼ਿਆਦਾ ਹਨੇਰੀ, ਤੇਜ਼ ਹਵਾਵਾਂ, ਕਮਜ਼ੋਰ ਬੂਟਿਆਂ ਨੂੰ ਖਤਮ ਵੀ ਕਰ ਸਕਦੀਆਂ ਹਨ । ਇਸ ਤਰ੍ਹਾਂ ਛੋਟੇ ਅਤੇ ਕਮਜ਼ੋਰ ਬੂਟਿਆਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਢਕੀ ਹੋਈ ਥਾਂ 'ਤੇ ਰੱਖੋ ਜਾਂ ਭਾਰੀ ਬਾਰਿਸ਼ ਤੋਂ ਬਚਾਉਣ ਲਈ ਤ੍ਰਿਪਾਲ ਜਾਂ ਹੋਰ ਕਵਰ ਭਾਵ ਗਾਰਡਨ ਦੇ ਅਨੁਸਾਰ ਫੈਬਰਿਕ ਨਾਲ ਬਣੀਆਂ ਸ਼ੀਟਾਂ ਵਰਤੋ, ਤਾਂ ਕਿ ਭਾਰੀ ਪਾਣੀ ਨਾਲ ਉਨ੍ਹਾਂ ਬੂਟਿਆਂ ਵਿੱਚ ਮਿੱਟੀ ਦਾ ਕਟਾਅ ਘੱਟ ਹੋਵੇ ।

# ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ ਅਧੀਨ ਰਕਬੇ ਵਿੱਚ 11.86 ਫ਼ੀਸਦੀ ਵਾਧਾ - ਖੇਤੀਬਾੜੀ ਮੰਤਰੀ

## ਝੋਨੇ ਦੀ ਬਿਜਾਈ ਅਜੇ ਜਾਰੀ, ਡੀ.ਐਸ.ਆਰ. ਅਧੀਨ ਰਕਬੇ ਵਿੱਚ ਹੋਰ ਵਾਧਾ ਹੋਣ ਦੀ ਉਮੀਦ

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਟਿਕਾਊ ਖੇਤੀਬਾੜੀ ਅਭਿਆਸਾਂ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਸਬੰਧੀ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਸਿੱਧੀ ਬਿਜਾਈ (ਡੀ.ਐੱਸ.ਆਰ.) ਅਧੀਨ ਰਕਬੇ ਵਿੱਚ ਇਸ ਸਾਲ 11.86 ਫ਼ੀਸਦੀ ਵਾਧਾ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਸਾਲ ਹੁਣ ਤੱਕ 2.83 ਲੱਖ ਏਕੜ ਤੋਂ ਵੱਧ ਰਕਬੇ ਉਤੇ ਝੋਨੇ ਦੀ ਸਿੱਧੀ ਬਿਜਾਈ ਹੋਈ ਹੈ, ਜਦੋਂਕਿ ਪਿਛਲੇ ਸਾਲ ਡੀ.ਐੱਸ.ਆਰ. ਅਧੀਨ ਕੁੱਲ ਰਕਬਾ 2.53 ਲੱਖ ਏਕੜ ਸੀ। ਉਨ੍ਹਾਂ ਆਸ ਪ੍ਰਗਟਾਈ ਕਿ ਝੋਨੇ ਦੀ ਸਿੱਧੀ ਬਿਜਾਈ ਅਧੀਨ ਰਕਬੇ ਵਿੱਚ ਹੋਰ ਵਾਧਾ ਹੋਵੇਗਾ ਕਿਉਂਕਿ ਝੋਨੇ ਦੀ ਬਿਜਾਈ ਅਜੇ ਵੀ ਜਾਰੀ ਹੈ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਾਣੀ ਦੀ ਬੱਚਤ ਕਰਨ ਵਾਲੀ ਝੋਨੇ ਦੀ ਸਿੱਧੀ ਬਿਜਾਈ ਵਿਧੀ ਅਪਣਾਉਣ ਵਾਲੇ ਕਿਸਾਨਾਂ ਨੂੰ 1,500 ਰੁਪਏ ਪ੍ਰਤੀ ਏਕੜ



ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਾਉਣੀ ਸੀਜ਼ਨ 2024 ਦੌਰਾਨ ਡੀ.ਐੱਸ.ਆਰ. ਤਕਨੀਕ ਅਪਣਾਉਣ ਵਾਲੇ 24,032 ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਵਿੱਤੀ ਸਹਾਇਤਾ ਟਰਾਂਸਫਰ ਕੀਤੀ ਜਾ ਚੁੱਕੀ ਹੈ।

ਗੁਰਮੀਤ ਸਿੰਘ ਖੁੱਡੀਆਂ ਨੇ ਧਰਤੀ ਹੇਠਲਾ ਪਾਣੀ ਬਚਾਉਣ ਵਾਲੇ ਅਤੇ ਟਿਕਾਊ ਖੇਤੀਬਾੜੀ ਅਭਿਆਸਾਂ ਨੂੰ ਅਪਣਾਉਣ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਪ੍ਰਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਡੀ.ਐੱਸ.ਆਰ. ਤਕਨੀਕ ਨੂੰ ਉਤਸ਼ਾਹਿਤ ਕਰਨ ਅਤੇ ਇਸ ਅਧੀਨ ਰਕਬਾ ਵਧਾਉਣ ਲਈ ਵਧਾਈ ਵੀ ਦਿੱਤੀ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਨੇ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਸਰਗਰਮੀ ਨਾਲ ਕਈ ਕਦਮ ਚੁੱਕੇ। ਵਿਭਾਗ ਨੇ ਜਾਗਰੂਕਤਾ ਮੁਹਿੰਮ ਚਲਾਉਣ ਤੋਂ ਇਲਾਵਾ ਕਿਸਾਨ ਸਿਖਲਾਈ ਕੈਂਪ ਲਗਾਏ ਤਾਂ ਜੋ ਕਿਸਾਨਾਂ ਨੂੰ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ। ਇਸ ਤੋਂ ਇਲਾਵਾ ਤਕਨੀਕੀ ਪ੍ਰਭਾਵਸ਼ੀਲਤਾ ਨੂੰ ਦਰਸਾਉਣ ਅਤੇ ਕਿਸਾਨਾਂ ਨੂੰ ਡੀ.ਐਸ.ਆਰ. ਦੇ ਲਾਭ ਬਾਰੇ ਜਾਗਰੂਕ ਕਰਨ ਲਈ ਖੇਤ ਪ੍ਰਦਰਸ਼ਨੀਆਂ ਵੀ ਲਗਵਾਈਆਂ ਗਈਆਂ।

# ਲੈਂਡ ਪੂਲਿੰਗ ਸਕੀਮ ਤਹਿਤ ਕਿਸਾਨਾਂ ਨੂੰ ਸਾਲਾਨਾ ਇਕ ਲੱਖ ਰੁਪਏ ਦੇਵੇਗੀ ਪੰਜਾਬ ਸਰਕਾਰ

** ਪੰਜਾਬ ਕੈਬਨਿਟ ਵੱਲੋਂ ਲੈਂਡ ਪੂਲਿੰਗ ਨੀਤੀ 2025 ਵਿੱਚ ਸੋਧਾਂ ਨੂੰ ਮਨਜ਼ੂਰੀ*

** ਕਿਸਾਨਾਂ ਨੂੰ ਜਮੀਨ ਵਿਕਸਤ ਹੋਣ ਤੱਕ ਗੁਜਾਰਾ ਕਰਨ ਲਈ ਮਿਲਣਗੇ ਸਾਲਾਨਾ 1 ਲੱਖ ਰੁਪਏ * ਸਰਕਾਰ ਵੱਲੋਂ ਇਸ ਰਕਮ ਵਿੱਚ ਹਰ ਸਾਲ 10 ਫ਼ੀਸਦ ਦਾ ਕੀਤਾ ਜਾਵੇਗਾ ਵਾਧਾ*

ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਪੰਜਾਬ ਮੰਤਰੀ ਮੰਡਲ ਨੇ ਅੱਜ ਅਹਿਮ ਫੈਸਲਾ ਲੈਂਦਿਆਂ ਲੈਂਡ ਪੂਲਿੰਗ ਨੀਤੀ-2025 ਵਿੱਚ ਕਈ ਕਿਸਾਨ-ਪੱਖੀ ਸੋਧਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਨ੍ਹਾਂ ਸੋਧਾਂ ਤਹਿਤ ਹੁਣ ਸਰਕਾਰ ਵੱਲੋਂ ਲੈਂਡ ਪੂਲਿੰਗ ਵਿੱਚ ਸ਼ਾਮਲ ਕਿਸਾਨਾਂ ਨੂੰ ਜਮੀਨ ਵਿਕਸਤ ਹੋਣ ਤੱਕ ਉਨ੍ਹਾਂ ਦੇ ਗੁਜਾਰੇ ਲਈ ਸਾਲਾਨਾ ਇੱਕ ਲੱਖ ਰੁਪਏ ਦਿੱਤੇ ਜਾਣਗੇ, ਜੋ ਕਿ ਪਿਛਲੀਆਂ ਸਰਕਾਰਾਂ ਵੱਲੋਂ ਦਿੱਤੀ ਗਈ 20,000 ਰੁਪਏ ਦੀ ਰਕਮ ਤੋਂ ਸਿੱਧੇ ਤੌਰ 'ਤੇ ਪੰਜ ਗੁਣਾ ਵੱਧ ਹੈ।

ਸਰਕਾਰ ਵੱਲੋਂ ਕਿਸਾਨਾਂ ਨੂੰ ਭਵਿੱਖੀ ਸੁਰੱਖਿਆ ਦਾ ਭਰੋਸਾ ਦਿੰਦਿਆਂ ਇਸ ਇੱਕ ਲੱਖ ਰੁਪਏ ਦੀ ਰਕਮ ਵਿੱਚ ਹਰ ਸਾਲ 10 ਫ਼ੀਸਦ ਵਾਧਾ ਕਰਨ ਦਾ ਐਲਾਨ ਵੀ ਕੀਤਾ ਹੈ। ਇਸ ਪ੍ਰਕਿਰਿਆ ਵਿੱਚ ਤੇਜ਼ੀ ਅਤੇ ਪਾਰਦਰਸ਼ਤਾ ਲਿਆਉਂਦਿਆਂ ਹੁਣ ਕਿਸਾਨਾਂ ਨੂੰ 21 ਦਿਨਾਂ ਦੇ ਅੰਦਰ-ਅੰਦਰ ਲੈਟਰ ਆਫ਼ ਇੰਟੈਂਟ ਮਿਲ ਜਾਵੇਗਾ। ਕਿਸਾਨਾਂ ਦੀ ਸਹੂਲਤ ਲਈ ਸਰਕਾਰ ਵੱਲੋਂ ਇਹ ਵਿਵਸਥਾ ਵੀ ਕੀਤੀ ਗਈ ਹੈ ਕਿ ਉਹ ਲੈਟਰ ਆਫ਼ ਇੰਟੈਂਟ ਨੂੰ ਵੇਚ ਵੀ ਸਕਦੇ ਹਨ ਅਤੇ ਇਸ 'ਤੇ ਕਰਜਾ ਵੀ ਲਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਪ੍ਰੋਜੈਕਟ 'ਤੇ ਕੰਮ ਸ਼ੁਰੂ ਹੋਣ ਤੱਕ, ਕਿਸਾਨ ਆਪਣੀ ਜਮੀਨ 'ਤੇ ਖੇਤੀ ਕਰਕੇ ਆਮਦਨ ਕਮਾ ਸਕਣਗੇ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਸਾਲਾਨਾ 50,000 ਰੁਪਏ ਦੀ ਵਾਧੂ ਸਹਾਇਤਾ ਵੀ ਦਿੱਤੀ ਜਾਵੇਗੀ।

ਇਸ ਪੂਰੀ ਪ੍ਰਕਿਰਿਆ ਦੌਰਾਨ ਜਮੀਨ ਖਰੀਦਣ ਅਤੇ ਵੇਚਣ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ ਅਤੇ ਕਿਸਾਨ ਜਦੋਂ ਚਾਹੇ ਜਮੀਨ ਖਰੀਦ, ਵੇਚ ਅਤੇ ਰਜਿਸਟਰੀ ਕਰਵਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸ਼ਹਿਰੀ ਯੋਜਨਾ ਤੇ ਵਿਕਾਸ ਅਥਾਰਟੀ (ਪੁੱਡਾ) ਦੀ ਲੈਂਡ ਪੂਲਿੰਗ ਨੂੰ ਹੋਰ ਸੁਚਾਰੂ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਅੱਜ ਲੈਂਡ ਪੂਲਿੰਗ ਨੀਤੀ 2025 ਵਿੱਚ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੀ ਅਧਿਕਾਰਕ ਰਿਹਾਇਸ਼ ਉੱਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਇਸ ਸਬੰਧੀ ਵੇਰਵੇ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਵਿੱਚ ਕਿਸੇ ਵੀ ਕਿਸਾਨ ਨਾਲ ਕੋਈ ਧੱਕਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਪਹਿਲੀ ਵਾਰ ਅਜਿਹੀ ਸਕੀਮ ਲਿਆਂਦੀ ਗਈ ਹੈ ਜਿਸ ਵਿੱਚ ਜ਼ਮੀਨ 'ਤੇ ਕੋਈ ਕਬਜ਼ਾ ਨਹੀਂ ਕੀਤਾ ਜਾਵੇਗਾ, ਸਗੋਂ ਇਹ ਕਿਸਾਨ ਦੀ ਮਰਜ਼ੀ ਹੋਵੇਗੀ ਕਿ ਉਹ ਆਪਣੀ ਜਮੀਨ ਦੇ ਕੇ ਪੰਜਾਬ ਦੇ ਵਿਕਾਸ ਵਿੱਚ ਭਾਈਵਾਲ ਬਣਨਾ ਚਾਹੁੰਦਾ ਹੈ ਜਾਂ ਨਹੀਂ।

ਕਿਸਾਨਾਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ 'ਤੇ, ਇਨ੍ਹਾਂ ਸੋਧਾਂ ਦਾ ਮੰਤਵ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੀ ਲੈਂਡ ਪੂਲਿੰਗ ਪ੍ਰਕਿਰਿਆ ਨੂੰ ਹੋਰ ਕਾਰਜਕੁਸ਼ਲ, ਪ੍ਰਭਾਵਸ਼ਾਲੀ ਤੇ ਆਕਰਸ਼ਕ ਬਣਾਉਣਾ ਹੈ। ਪੰਜਾਬ ਸਰਕਾਰ ਨੇ ਇਸ ਤੋਂ ਪਹਿਲਾਂ ਜ਼ਮੀਨ ਮਾਲਕਾਂ, ਪ੍ਰੋਮੋਟਰਾਂ ਤੇ ਕੰਪਨੀਆਂ ਨੂੰ ਸ਼ਹਿਰੀ ਵਿਕਾਸ ਵਿੱਚ ਭਾਈਵਾਲ ਬਣਾਉਣ ਅਤੇ ਲੈਂਡ ਪੂਲਿੰਗ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨ ਵਾਸਤੇ ਲੈਂਡ ਪੂਲਿੰਗ ਨੀਤੀ 2025 ਬਣਾਈ ਸੀ। ਇਸ ਨੀਤੀ ਬਾਰੇ ਫੀਡਬੈਕ ਇਕੱਤਰ ਕਰਨ ਲਈ ਸੂਬਾ ਸਰਕਾਰ ਨੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਤੇ ਕਿਸਾਨਾਂ ਨਾਲ ਕਈ ਮੀਟਿੰਗਾਂ ਕੀਤੀਆਂ।

ਇਨ੍ਹਾਂ ਮੀਟਿੰਗਾਂ ਵਿੱਚ ਮਿਲੇ ਸੁਝਾਵਾਂ ਦੇ ਆਧਾਰ ਉੱਤੇ ਨੀਤੀ ਵਿੱਚ ਸੋਧਾਂ ਕੀਤੀਆਂ ਗਈਆਂ ਹਨ ਤਾਂ ਕਿ ਇਸ ਨੀਤੀ ਨੂੰ ਹੋਰ ਅਗਾਂਹਵਧੂ, ਤਰਕਸੰਗਤ ਅਤੇ ਵਿਕਾਸ ਮੁਖੀ ਬਣਾਇਆ ਜਾਵੇ। ਇਸ ਸੋਧੀ ਨੀਤੀ ਤਹਿਤ ਜਿਨ੍ਹਾਂ ਮਾਲਕਾਂ ਦੀ ਜ਼ਮੀਨ ਲਈ ਜਾਣੀ ਹੈ, ਉਨ੍ਹਾਂ ਨੂੰ ਹੁਣ ਇਕ ਕਨਾਲ ਜ਼ਮੀਨ ਬਦਲੇ 125 ਵਰਗ ਗਜ਼ ਦਾ ਪਲਾਟ ਅਤੇ 25 ਗਜ਼ ਕਮਰਸ਼ੀਅਲ ਜ਼ਮੀਨ ਮਿਲੇਗੀ। ਇਸ ਤੋਂ ਇਲਾਵਾ ਵਿਭਾਗ ਵੱਲੋਂ ਲੈਟਰ ਆਫ਼ ਇੰਟੈਂਟ (ਐਲ.ਓ.ਆਈ.) ਜਾਰੀ ਕੀਤੀ ਜਾਵੇਗੀ, ਜਿਸ ਨਾਲ ਜ਼ਮੀਨ ਮਾਲਕ ਬੈਂਕਾਂ ਤੋਂ ਕਰਜ਼ਾ ਹਾਸਲ ਕਰਨ ਦੇ ਯੋਗ ਬਣਨਗੇ।

ਇਸ ਤੋਂ ਇਲਾਵਾ ਐਲ.ਓ.ਆਈ. ਜਾਰੀ ਕਰਨ ਉੱਤੇ ਵਿਭਾਗ ਵੱਲੋਂ ਜ਼ਮੀਨ ਮਾਲਕਾਂ ਨੂੰ ਗੁਜ਼ਾਰਾ ਭੱਤੇ ਵਜੋਂ ਉੱਕਾ-ਪੁੱਕਾ 50 ਹਜ਼ਾਰ ਰੁਪਏ ਦਿੱਤੇ ਜਾਣਗੇ। ਜਮੀਨ ਲੈਣ ਤੋਂ ਬਾਅਦ ਜ਼ਮੀਨ ਮਾਲਕਾਂ ਨੂੰ ਸਾਲਾਨਾ ਇਕ ਲੱਖ ਰੁਪਏ ਮਿਲਣਗੇ। ਇਸ ਸਾਲਾਨਾ ਰਕਮ ਵਿੱਚ ਹਰ ਸਾਲ 10 ਫੀਸਦੀ ਦਾ ਵਾਧਾ ਹੋਵੇਗਾ, ਜੋ ਜ਼ਮੀਨ ਲੈਣ ਤੋਂ ਸ਼ੁਰੂ ਹੋਵੇਗਾ ਅਤੇ ਸਬੰਧਤ ਧਿਰਾਂ ਨੂੰ ਵਿਕਸਤ ਕੀਤੇ ਪਲਾਟ ਸੌਂਪਣ ਤੱਕ ਜਾਰੀ ਰਹੇਗਾ।

ਇਹ ਵੀ ਫੈਸਲਾ ਹੋਇਆ ਕਿ 50 ਏਕੜ ਜਾਂ ਵੱਧ ਜ਼ਮੀਨ ਦੀ ਲੈਂਡ ਪੂਲਿੰਗ ਦੇ ਮਾਮਲੇ ਵਿੱਚ ਐਕਸਟਰਨਲ ਡਿਵੈਲਪਮੈਂਟ ਚਾਰਜਿਜ਼ (ਈ.ਡੀ.ਸੀ.) ਤੋਂ ਇਲਾਵਾ ਕੋਈ ਹੋਰ ਖ਼ਰਚਾ ਨਹੀਂ ਲਿਆ ਜਾਵੇਗਾ। ਇਸ ਤੋਂ ਇਲਾਵਾ ਜ਼ਮੀਨ ਮਾਲਕਾਂ ਨੂੰ ਕਮਰਸ਼ੀਅਲ ਜਗ੍ਹਾ ਨਾ ਲੈਣ ਦੀ ਸੂਰਤ ਵਿੱਚ ਬਦਲੇ ਵਿੱਚ ਕਮਰਸ਼ੀਅਲ ਜਗ੍ਹਾ ਤੋਂ ਤਿੰਨ ਗੁਣਾ ਵੱਧ ਰਿਹਾਇਸ਼ੀ ਥਾਂ ਮਿਲੇਗੀ। ਭਾਵ, ਜੇਕਰ ਇੱਕ ਏਕੜ ਜਮੀਨ ਦੇਣ ਵਾਲਾ ਕਿਸਾਨ 200 ਗਜ ਦਾ ਵਪਾਰਕ ਪਲਾਟ ਨਹੀਂ ਲੈਣਾ ਚਾਹੁੰਦਾ ਹੈ ਤਾਂ ਉਹ ਇਸ ਦੀ ਜਗ੍ਹਾ 600 ਗਜ ਦਾ ਰਿਹਾਇਸ਼ੀ ਪਲਾਟ ਵੀ ਲੈ ਸਕਦਾ ਹੈ। ਅਜਿਹਾ ਕਰਨ ਨਾਲ, ਕਿਸਾਨ ਨੂੰ ਇੱਕ ਏਕੜ ਦੇ ਬਦਲੇ ਸ਼ਹਿਰੀ ਜਾਇਦਾਦ ਵਿੱਚ 1600 ਗਜ ਦਾ ਰਿਹਾਇਸ਼ੀ ਪਲਾਟ ਮਿਲੇਗਾ।

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਪੰਜਾਬ ਵਿੱਚ ਦਰੱਖਤਾਂ ਹੇਠ ਰਕਬਾ ਘਟਿਆ

## 18 ਸਾਲਾਂ ਵਿੱਚ 19 ਫੀਸਦ ਦੇ ਕਰੀਬ ਆਈ ਗਿਰਾਵਟ

ਪੰਜਾਬ ਵਿੱਚ ਭਾਵੇਂ ਹਰ ਸਾਲ ਵੱਡੀ ਪੱਧਰ 'ਤੇ ਵਣ ਮਹਾਂਉਤਸਵ ਮਨਾਇਆ ਜਾਂਦਾ ਹੈ, ਪਰ ਇਸ ਦੇ ਬਾਵਜੂਦ ਰਾਜ ਵਿੱਚ ਦਰੱਖਤਾਂ ਹੇਠ ਰਕਬਾ ਘਟਦਾ ਜਾ ਰਿਹਾ ਹੈ। ਸੂਬੇ ਵਿੱਚ 18 ਸਾਲਾਂ ਦੌਰਾਨ ਦਰੱਖਤਾਂ ਹੇਠ ਰਕਬੇ ਵਿੱਚ 19 ਫੀਸਦੀ ਦੇ ਕਰੀਬ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਪਿਛਲੇ 6 ਸਾਲਾਂ ਵਿੱਚ ਇਹ ਗਿਰਾਵਟ 9 ਫੀਸਦ ਰਹੀ। ਇਸ ਗੱਲ ਦਾ ਖੁਲਾਸਾ ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ. ਜੀ. ਟੀ.) ਨੂੰ ਸੌਂਪੀ ਗਈ ਇੱਕ ਰਿਪੋਰਟ ਵਿੱਚ ਹੋਇਆ ਹੈ। ਜੰਗਲਾਤ ਵਿਭਾਗ ਨੇ ਇਹ ਰਿਪੋਰਟ ਕੇਂਦਰ ਸਰਕਾਰ ਵੱਲੋਂ ਕੀਤੇ ਫੌਰੈਸਟ ਸਰਵੇਅ ਆਫ ਇੰਡੀਆ ਦੀ ਰਿਪੋਰਟ ਦੇ ਆਧਾਰ 'ਤੇ ਤਿਆਰ ਕੀਤੀ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਵਿੱਚ ਸਾਲ 2005 ਵਿੱਚ ਦਰੱਖਤਾਂ ਹੇਠ ਰਕਬਾ 1823 ਵਰਗ ਕਿਲੋਮੀਟਰ ਸੀ, ਜੋ ਸਾਲ 2023 ਵੱਚ ਘੱਟ ਕੇ 1475.15 ਵਰਗ ਕਿਲੋਮੀਟਰ ਰਹਿ ਗਿਆ। ਇਸ ਤਰ੍ਹਾਂ ਦਰੱਖਤਾਂ ਹੇਠ ਰਕਬੇ ਵਿੱਚ 19 ਫੀਸਦ ਦੇ ਕਰੀਬ ਗਿਰਾਵਟ ਆਈ ਹੈ। ਸਾਲ 2007 ਤੋਂ 2011 ਤੱਕ ਦਰੱਖਤਾਂ ਹੇਠ ਰਕਬਾ 1699 ਵਰਗ ਕਿਲੋਮੀਟਰ ਸੀ, ਜੋ ਸਾਲ 2013 ਵਿੱਚ ਘੱਟ ਕੇ 1475.15 ਵਰਗ ਕਿਲੋਮੀਟਰ ਰਹਿ ਗਿਆ। ਇਸ ਤਰ੍ਹਾਂ ਦਰੱਖਤਾਂ ਹੇਠ ਰਕਬੇ ਵਿੱਚ 19 ਫੀਸਦ ਦੇ ਕਰੀਬ ਗਿਰਾਵਟ ਆਈ ਹੈ। ਸਾਲ 2007 ਤੋਂ 2011 ਤੱਕ ਦਰੱਖਤਾਂ ਹੇਠ ਰਕਬਾ 1699 ਵਰਗ ਕਿਲੋਮੀਟਰ ਸੀ, ਜੋ ਸਾਲ 2013 ਵਿੱਚ ਘੱਟ ਕੇ 1499 ਵਰਗ ਕਿਲੋਮੀਟਰ ਰਹਿ ਗਿਆ ਸੀ। ਉਸ ਤੋਂ ਬਾਅਦ ਸਾਲ 2015 ਵਿੱਚ 1544 ਅਤੇ 2017 ਵਿੱਚ ਹੋਰ ਵੱਧ ਕੇ 1622 ਵਰਗ ਕਿਲੋਮੀਟਰ ਹੋ ਗਿਆ ਸੀ। ਇਸ ਤੋਂ ਬਾਅਦ ਸਾਲ 2019 ਵਿੱਚ ਦਰੱਖਤਾਂ ਹੇਠਾਂ ਰਕਬਾ ਘੱਟ ਕੇ 1592, 2021 ਵਿੱਚ 1138 ਅਤੇ ਸਾਲ 2023 ਵਿੱਚ 1475.15 ਵਰਗ ਕਿਲੋਮੀਟਰ ਦਰਜ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਦਰੱਖਤਾਂ ਹੇਠ ਰਕਬਾ ਵਧਾਉਣ ਲਈ ਪੌਦੇ ਲਾਉਣ ਵਾਸਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੰਜਾਬ ਵਿੱਚ ਸਾਲ 2023 ਵਿੱਚ 1.2 ਕਰੋੜ ਪੌਦੇ ਲਾਏ ਗਏ ਸਨ, ਜਿਨ੍ਹਾਂ ਦੀ ਗਿਣਤੀ 2024 ਵਿੱਚ ਵੱਧ ਕੇ 3 ਕਰੋੜ ਦੇ ਕਰੀਬ ਪਹੁੰਚ ਗਈ ਸੀ। ਇੰਨੇ ਬੂਟੇ ਲਾਉਣ ਦੇ ਬਾਵਜੂਦ ਪੰਜਾਬ ਵਿੱਚ ਦਰੱਖਤਾਂ ਹੇਠ ਰਕਬੇ ਵਿੱਚ ਵਾਧਾ ਨਹੀਂ ਹੋ ਰਿਹਾ। ਦਰੱਖਤਾਂ ਹੇਠ ਰਕਬੇ ਵਿੱਚ ਸਿਰਫ ਦਰੱਖਤਾਂ ਹੇਠਾਂ ਆਉਣ ਵਾਲੇ ਏਰੀਏ ਨੂੰ ਮਾਪਿਆ ਜਾਂਦਾ ਹੈ, ਜਦੋਂਕਿ ਜੰਗਲਾਤ ਅਧੀਨ ਖੇਤਰਾਂ ਵਿੱਚ ਦਰੱਖਤਾਂ ਦੇ ਨਾਲ-ਨਾਲ ਹੋਰ ਜੰਗਲੀ ਝਾੜੀਆਂ ਆਦਿ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ।

**ਜੰਗਲਾਤ ਵਿਭਾਗ ਵੱਲੋਂ ਐਨ.ਜੀ.ਟੀ. ਨੂੰ ਸੌਂਪੀ ਰਿਪੋਰਟ ਵਿੱਚ ਹੋਇਆ ਖੁਲਾਸਾ**



### ਜੰਗਲਾਤ ਅਧੀਨ ਰਕਬੇ ਵਿੱਚ ਬੀਤੇ ਛੇ ਸਾਲਾਂ ਤੋਂ ਆ ਰਹੀ ਹੈ ਗਿਰਾਵਟ

ਰਿਪੋਰਟ ਅਨੁਸਾਰ ਪੰਜਾਬ ਵਿੱਚ 18 ਸਾਲਾਂ ਵਿੱਚ ਜੰਗਲਾਤ ਹੇਠ ਰਕਬੇ ਵਿੱਚ ਵਾਧਾ ਜ਼ਰੂਰ ਹੋਇਆ, ਪਰ ਪਿਛਲੇ 6 ਸਾਲਾਂ ਵਿੱਚ ਇਸ ਵਿੱਚ ਵੀ ਕਮੀ ਆ ਰਹੀ ਹੈ। ਸਾਲ 2005 ਵਿੱਚ ਜੰਗਲਾਤ ਅਧੀਨ ਰਕਬਾ 1558 ਵਰਗ ਕਿਲੋਮੀਟਰ ਸੀ, ਜੋ ਸਾਲ 2007 ਤੇ 2009 ਵਿੱਚ ਵੱਧ ਕੇ 1664, 2011 ਵਿੱਚ 1764, 2013 ਵਿੱਚ 1772 ਅਤੇ 2015 ਵਿੱਚ 1771 ਵਰਗ ਕਿਲੋਮੀਟਰ 'ਤੇ ਪਹੁੰਚ ਗਿਆ ਸੀ। ਇਸ ਤੋਂ ਬਾਅਦ ਸਾਲ 2017 ਵਿੱਚ 1837, 2019 ਵਿੱਚ 1848.63, 2021 ਵਿੱਚ 1846.65 ਦਰਜ ਕੀਤਾ ਗਿਆ ਸੀ। ਸਾਲ 2023 ਵਿੱਚ ਇਹ ਮਾਮੂਲੀ ਜਿਹਾ ਘਟ ਕੇ 1846.09 ਵਰਗ ਕਿਲੋਮੀਟਰ ਹੋ ਗਿਆ।

------ ਬਾਕੀ ਸਫਾ 5 ਦੀ ------

# ਸਾਉਣੀ ਰੁੱਤ ਦੀ ਮੱਕੀ ਨੂੰ ਕੀੜੇ-ਮਕੌੜਿਆਂ ਤੋਂ ਬਚਾਓ

ਪ੍ਰਤੀ ਗੋਭ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ।

ਕਿਸਾਨਾਂ ਨੂੰ ਇਸ ਕੀੜੇ ਦੇ ਹਮਲੇ ਤੋਂ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਸਮੇਂ ਸਿਰ ਅਤੇ ਵਿਆਪਕ ਪੱਧਰ ਤੇ ਉਪਰਾਲੇ ਕਰਨ ਨਾਲ ਫਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ।

**ਮੱਕੀ ਦੇ ਗੜੂੰਏ ਦੀ ਪਛਾਣ ਅਤੇ ਜੀਵਨ ਚੱਕਰ** : ਪੰਜਾਬ ਵਿਚ ਮੱਕੀ ਉੱਪਰ ਇਸਦਾ ਹਮਲਾ ਅਪ੍ਰੈਲ ਵਿਚ ਸ਼ੁਰੂ ਹੋ ਜਾਂਦਾ ਹੈ ਪਰ ਮੁੱਖ ਰੂਪ ਵਿਚ ਇਹ ਸਾਉਣੀ ਰੁੱਤ ਦੀ ਅਗੇਤੀ ਬੀਜੀ ਹੋਈ ਫਸਲ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਦੇ ਘਸਮੈਲੇ ਰੰਗ ਦੇ ਪਤੰਗੇ 10 ਤੋਂ 15 ਦਿਨ ਦੀ ਫਸਲ ਉੱਪਰ ਅੰਡੇ ਦੇਣਾ ਪਸੰਦ ਕਰਦੇ ਹਨ। ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਇਸਦੀ ਰੋਕਥਾਮ ਫਸਲ ਦੀ ਮੁੱਢਲੀ ਅਵਸਥਾ ਵਿਚ ਜ਼ਰੂਰੀ ਵੀ ਹੈ ਅਤੇ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਆਪਣੇ ਜੀਵਨ ਕਾਲ ਦੌਰਾਨ ਇਕ ਮਾਦਾ ਪਤੰਗਾ ਤਕਰੀਬਨ 300 ਅੰਡੇ ਦੇ ਸਕਦੀ ਹੈ। 4-5 ਦਿਨਾਂ ਬਾਅਦ ਅੰਡਿਆਂ ਵਿਚੋਂ ਘਸਮੈਲੇ ਭੂਰੇ ਰੰਗ ਅਤੇ ਕਾਲੇ ਸਿਰ ਵਾਲੀਆਂ ਸੁੰਡੀਆਂ ਨਿਕਲ ਆਉਂਦੀਆਂ ਹਨ, ਜਿਨ੍ਹਾਂ ਦਾ ਜੀਵਨ ਕਾਲ 3-4 ਹਫਤੇ ਹੁੰਦਾ ਹੈ। ਇਹ ਸੁੰਡੀਆਂ ਤਣੇ ਵਿਚ ਪਲਦੀਆਂ ਹੋਈਆਂ ਹੀ ਭੂਰੇ ਰੰਗ ਦੇ ਪਿਊਪਿਆਂ ਵਿਚ ਤਬਦੀਲ ਹੋ ਜਾਂਦੀਆਂ ਹਨ ਅਤੇ ਹਫਤੇ ਬਾਅਦ ਇਹਨਾਂ ਵਿੱਚੋਂ ਪਤੰਗੇ ਨਿਕਲ ਕੇ ਅਗਲੀ ਪੀੜੀ ਸ਼ੁਰੂ ਕਰ ਦਿੰਦੇ ਹਨ।

**ਹਮਲੇ ਦੀਆਂ ਨਿਸ਼ਾਨੀਆਂ** : ਅੰਡਿਆਂ ਵਿੱਚੋਂ ਨਿਕਲਦੇ ਸਾਰ ਹੀ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਹੋਣ ਤੇ ਗੋਭ ਦੇ ਵਿਚ ਵੜਕੇ ਖਾਂਦੀਆਂ ਹਨ ਅਤੇ ਉਸਨੂੰ ਸੁਕਾ ਦਿੰਦੀਆਂ ਹਨ। ਹਮਲੇ ਵਾਲੀਆਂ ਗੋਭਾਂ ਵਿੱਚੋਂ ਨਵੇਂ ਨਿਕਲੇ ਪੱਤਿਆਂ ਉੱਪਰ ਨਿੱਕੀਆਂ ਨਿੱਕੀਆਂ ਮੋਰੀਆਂ ਕਤਾਰਾਂ ਵਿਚ ਹੁੰਦੀਆਂ ਹਨ। ਸੁੱਕੀ ਗੋਭ ਵਾਲੇ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਇਹਨਾਂ ਦੇ ਪਾਸਿਆਂ ਤੋਂ ਨਵੇਂ ਬੂਟੇ ਫੁੱਟਦੇ ਹਨ, ਪਰ ਇਹਨਾਂ ਨੂੰ ਕੋਈ ਛੱਲੀ ਨਹੀਂ ਪੈਂਦੀ। ਕਈ ਵਾਰ ਇਹ ਕੀੜਾ ਛੱਲੀ ਵਿਚ ਵੜ ਕੇ ਨਰਮ ਦਾਣਿਆਂ ਨੂੰ ਖਾਕੇ ਨੁਕਸਾਨ ਕਰਦਾ ਹੈ ਅਤੇ ਬਾਬੂ ਝੰਡੀਆਂ ਉੱਪਰ ਵੀ ਇਸਦਾ ਹਮਲਾ ਨਜ਼ਰ ਆਉਂਦਾ ਹੈ।



**ਰੋਕਥਾਮ** : ★ ਮਿੱਤਰ ਕੀੜਿਆਂ ਦੀ ਵਰਤੋਂ ਨਾਲ ਗੜੂੰਏ ਦੀ ਰੋਕਥਾਮ ਨੂੰ ਤਰਜੀਹ ਦੇਣੀ ਚਾਹੀਦੀ ਹੈ। ਗੜੂੰਏ ਦੀ ਰੋਕਥਾਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਿੱਤਰ ਕੀੜੇ ਟਰਾਕੋਗ੍ਰਾਮਾ ਰਾਹੀਂ ਪਰਜੀਵੀ ਕਿਰਿਆ ਕੀਤੇ ਹੋਏ ਕ੍ਰੋਸਾਈਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ 10 ਅਤੇ 17 ਦਿਨਾਂ ਦੀ ਫਸਲ ਉੱਪਰ ਵਰਤਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਹਨਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 1000 ਆਂਡੇ ਹੋਣੇ ਚਾਹੀਦੇ ਹਨ। ਕੱਟੇ ਹੋਏ ਕਾਰਡਾਂ ਨੂੰ ਗੋਭ ਦੇ ਪੱਤੇ ਦੇ ਹੇਠਲੇ ਪਾਸੇ ਸ਼ਾਮ ਦੇ ਸਮੇਂ ਖੇਤ ਵਿਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰਨਾ ਚਾਹੀਦਾ ਹੈ। ਗੋਡੀ ਵੇਲੇ ਗੜੂੰਏ ਦੇ ਗੰਭੀਰ ਹਮਲੇ ਵਾਲੇ ਬੂਟੇ ਪੁੱਟ ਕੇ ਦੱਬ ਦੇਣੇ ਚਾਹੀਦੇ ਹਨ ਜਿਸ ਨਾਲ ਹਮਲੇ ਦਾ ਵਾਧਾ ਘੱਟ ਜਾਂਦਾ ਹੈ।

★ ਇਸ ਤੋਂ ਇਲਾਵਾ ਬਿਜਾਈ ਤੋਂ 2-3 ਹਫਤੇ ਵਿਚ ਹੀ ਗੜੂੰਏ ਦੀ ਰੋਕਥਾਮ ਕੀਟਨਾਸ਼ਕ ਵਰਤ ਕੇ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਜੇਕਰ ਗੋਭਾਂ ਸੁੱਕ ਜਾਣ ਤਾਂ ਕੀਟਨਾਸ਼ਕਾਂ ਦੀ ਵਰਤੋਂ ਨਾਲ ਜ਼ਿਆਦਾ ਲਾਭ ਨਹੀਂ ਹੁੰਦਾ। ਫਾਲ ਆਰਮੀਵਰਮ ਲਈ ਸਿਫਾਰਸ਼ ਕੀਟਨਾਸ਼ਕਾਂ ਦੀ ਰੋਕਥਾਮ ਗੜੂੰਏ ਦੀ ਰੋਕਥਾਮ ਲਈ ਵੀ ਕਾਰਗਰ ਹਨ।

# ਫਲਦਾਰ ਬੂਟਿਆਂ ਵਿੱਚ ਜ਼ਿੰਕ ਦੀ ਮਹੱਤਤਾ

ਇਹ ਦੇਖਣ ਵਿੱਚ ਆਇਆ ਹੈ ਕਿ ਫਲਦਾਰ ਬੂਟਿਆਂ ਦੇ ਵਿਕਾਸ ਲਈ ਬਹੁਤੇ ਬਾਗਬਾਨ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਮੁੱਖ



ਤੱਤਾਂ ਦੀ ਹੀ ਵਰਤੋਂ ਕਰਦੇ ਹਨ ਅਤੇ ਲਘੂ ਤੱਤਾਂ ਦੇ ਇਸਤੇਮਾਲ ਨੂੰ ਛੱਡ ਜਾਂਦੇ ਹਨ। ਲਘੂ ਤੱਤਾਂ ਵਿੱਚ ਜੇ ਕਿਸੇ ਇੱਕ ਤੱਤ ਦੀ ਵੀ ਘਾਟ ਆ ਜਾਵੇ ਤਾਂ ਇਹ ਕਮੀ ਬੂਟਿਆਂ ਦੇ ਵਾਧੇ, ਫਲ ਦੀ ਗੁਣਵੱਤਾ ਅਤੇ ਝਾੜ 'ਤੇ ਕਾਫੀ ਅਸਰ ਪਾਉਂਦੀ ਹੈ।



**ਲਘੂ ਤੱਤਾਂ ਦੀ ਘਾਟ ਦੇ ਕਾਰਨ :**

★ ਬੂਟਿਆਂ ਤੋਂ ਸਮਰੱਥਾ ਤੋਂ ਵੱਧ ਫਲ ਲੈਣਾ, ਰੂੜੀ ਖਾਦ ਦਾ ਇਸਤੇਮਾਲ ਨਾ ਕਰਨਾ, ਮਾੜੀ ਜ਼ਮੀਨ ਦੀ ਚੋਣ ਆਦਿ ਕਾਰਨਾਂ ਕਰਕੇ ਫਲਦਾਰ ਬੂਟਿਆਂ ਵਿੱਚ ਲਘੂ ਤੱਤਾਂ ਦੀ ਘਾਟ ਆਉਂਦੀ ਹੈ।

★ ਹਲਕੀਆਂ ਜ਼ਮੀਨਾਂ ਵਿੱਚ ਲਗਾਏ ਬਾਗਾਂ ਵਿੱਚ ਵੀ ਇਹ ਸਮੱਸਿਆ ਨਜ਼ਰ ਆ ਜਾਂਦੀ ਹੈ।

**ਸਵਰੀਤ ਖਹਿਰਾ ਅਤੇ ਪਰਮਿੰਦਰ ਕੌਰ,**
**ਪੀ. ਏ. ਯੂ., ਫਾਰਮ ਸਲਾਹਕਾਰ ਸੇਵਾ ਕੇਂਦਰ,**
**ਤਰਨ ਤਾਰਨ (ਮੋ. 88723-83400)**

**ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਸੁਧਾਰ**

| ਫਲ | ਨਿਸ਼ਾਨੀਆਂ | ਸੁਧਾਰ |
|---|---|---|
| ਨਿੰਬੂ ਜਾਤੀ | ਆਮ ਕਰਕੇ ਜ਼ਿੰਕ ਦੀ ਘਾਟ, ਬੂਟੇ ਦੇ ਚੌਥੇ ਸਾਲ, ਪਹਿਲੇ ਫਲ ਦੇ ਪਿੱਛੋਂ ਆਉਂਦੀ ਹੈ। ਨਵੀਂ ਫੋਟ ਦੇ ਪੂਰੇ ਵਧੇ ਹੋਏ ਪੱਤਿਆਂ ਉੱਤੇ ਰੰਗ-ਬਰੰਗੇ ਧੱਬੇ ਬਣ ਜਾਂਦੇ ਹਨ। ਫਲਾਂ ਵਾਲੀਆਂ ਅੱਖਾਂ ਬਹੁਤ ਘੱਟ ਜਾਂਦੀਆਂ ਹਨ। ਜਿਹੜੇ ਫਲ ਹੋਂਦ ਵਿੱਚ ਆਉਂਦੇ ਵੀ ਹਨ, ਉਹਨਾਂ ਦਾ ਆਕਾਰ ਬਹੁਤ ਛੋਟਾ, ਰਸ ਦੀ ਮਾਤਰਾ ਘੱਟ ਅਤੇ ਛਿੱਲ ਮੁਲਾਇਮ ਤੇ ਹਲਕੇ ਰੰਗ ਦੀ ਹੋ ਜਾਂਦੀ ਹੈ। | ਬੂਟੇ ਨੂੰ ਤੀਜੇ ਸਾਲ ਪਿੱਛੋਂ ਹਰ ਸਾਲ ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਜ਼ਿੰਕ ਦੀ ਘਾਟ ਦੀ ਪੂਰਤੀ ਕਰਨ ਲਈ ਰੋਗੀ ਦਰੱਖਤਾਂ ਉੱਤੇ (4.70 ਗ੍ਰਾਮ ਪ੍ਰਤੀ ਲੀਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਪੂਰੇ ਪੱਤੇ ਨਿਕਲਣ 'ਤੇ ਕਰੋ। ਇਹ ਛਿੜਕਾਅ ਬਹਾਰ ਦੀ ਫੋਟ ਨੂੰ ਅਪ੍ਰੈਲ-ਮਈ ਵਿੱਚ ਅਤੇ ਗਰਮੀਆਂ ਦੀ ਫੋਟ ਨੂੰ ਅੱਧ ਅਗਸਤ ਵਿੱਚ ਚੂਨੇ ਤੋਂ ਬਿਨ੍ਹਾਂ ਕਰੋ। |
| ਨਾਖ | ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਅਤੇ ਪੱਤੇ ਉੱਪਰ ਨੂੰ ਕੱਪ ਦੀ ਤਰ੍ਹਾਂ ਮੁੜਨਾ ਸ਼ੁਰੂ ਹੋ ਜਾਂਦੇ ਹਨ। ਨਵੇਂ ਪੱਤਿਆਂ ਵਿੱਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ। | 3 ਕਿਲੋ ਜ਼ਿੰਕ ਸਲਫੇਟ + 1.5 ਕਿਲੋ ਅਣਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। |
| ਅਲੂਚਾ | ਟਹਿਣੀਆਂ 'ਤੇ ਉਪਰਲੇ ਪੱਤੇ ਛੋਟੇ ਅਤੇ ਤਿੱਖੇ ਆਕਾਰ ਦੇ ਬਣ ਜਾਂਦੇ ਹਨ ਅਤੇ ਪੱਤੇ ਨਾੜੀਆਂ ਵਿਚਕਾਰ ਪੀਲੇ ਨਜ਼ਰ ਆਉਂਦੇ ਹਨ। ਟਹਿਣੀ ਦੀ ਟੀਸੀ ਦੇ ਸਿਰਿਆਂ 'ਤੇ ਪੱਤੇ ਸੰਘਣੇ ਅਤੇ ਗੁੱਛੇਦਾਰ ਦਿਖਾਈ ਦਿੰਦੇ ਹਨ। ਫਲ ਸਖਤ ਅਤੇ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ। | ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ 3 ਕਿਲੋ ਜ਼ਿੰਕ ਸਲਫੇਟ, 1.5 ਕਿਲੋ ਅਣਬੁਝਿਆ ਚੂਨਾ 500 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। |
| ਅਮਰੂਦ | ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਅਤੇ ਮੋਟੀਆਂ ਲਕੀਰਾਂ ਦੇ ਵਿਚਾਲੇ ਦਾ ਰੰਗ ਪੀਲਾ ਅਤੇ ਫਿੱਕਾ ਪੀਲਾ ਹੋ ਜਾਂਦਾ ਹੈ। | ਜ਼ਿੰਕ ਸਲਫੇਟ (1 ਕਿਲੋ) ਤੇ ਅਣਬੁਝੇ ਚੂਨੇ ਨੂੰ (1/2 ਕਿਲੋ) 100 ਲੀਟਰ ਪਾਣੀ ਵਿੱਚ ਘੋਲ ਕੇ ਜੂਨ ਤੋਂ ਸਤੰਬਰ ਵਿੱਚ ਪੰਦਰਾਂ ਦਿਨ ਦੇ ਵਕਫੇ 'ਤੇ ਦੋ-ਤਿੰਨ ਛਿੜਕਾਅ ਕਰੋ। |

**ਕਿਸਾਨ ਦਾ ਗੱਡਾ : ਵੱਡਾ ਭਰਾ 'ਰਾਜਾ' ਤੇ ਛੋਟਾ ਭਰਾ 'ਮਹਾਰਾਜਾ'**

# ਟਰੈਕਟਰ ਘਣਤਾ ਵਿੱਚ ਪੰਜਾਬ-ਹਰਿਆਣਾ ਦੇਸ਼ ਵਿੱਚੋਂ ਮੋਹਰੀ, ਵੱਡੇ ਟਰੈਕਟਰਾਂ ਵਿੱਚ ਪੰਜਾਬ ਦੀ ਝੰਡੀ

ਜਦੋਂ ਦੇਸ਼ ਵਿੱਚ ਟਰੈਕਟਰ ਘਣਤਾ ਦੇਖਦੇ ਹਾਂ ਤਾਂ ਜੇ ਵੱਡੇ ਭਰਾ ਦਾ ਰੁਤਬਾ ਰੱਖਣ ਵਾਲਾ ਪੰਜਾਬ 'ਰਾਜਾ' ਹੈ ਤਾਂ ਛੋਟੇ ਭਰਾ ਦੇ ਲਕਬ ਵਾਲਾ ਹਰਿਆਣਾ 'ਮਹਾਰਾਜਾ' ਜਾਪਦਾ ਹੈ। ਕਿਸਾਨੀ ਬੋਲਚਾਲ ਵਿੱਚ ਟਰੈਕਟਰ 'ਖੇਤਾਂ ਦਾ ਰਾਜਾ' ਅਖਵਾਉਂਦਾ ਹੈ। ਪੰਜਾਬ ਅਤੇ ਹਰਿਆਣਾ ਵਿੱਚ ਬੇਲੋੜੇ ਟਰੈਕਟਰ ਕਿਸਾਨਾਂ ਦਾ ਬੋਝ ਵਧਾ ਰਹੇ ਹਨ, ਜਿਨ੍ਹਾਂ ਦੇ ਅੰਕੜੇ ਹੈਰਾਨੀ ਅਤੇ ਫਿਕਰਮੰਦੀ ਕਰਨ ਵਾਲੇ ਹਨ। ਦੇਸ਼ ਵਿੱਚ 18.10 ਕਰੋੜ ਹੈਕਟੇਅਰ ਰਕਬਾ ਖੇਤੀ ਹੇਠ ਹੈ ਅਤੇ ਇਸ ਲਿਹਾਜ਼ ਨਾਲ ਪੰਜਾਬ ਵਿੱਚ ਖੇਤੀ ਰਕਬਾ ਦੇਸ਼ ਦਾ ਮਹਿਜ਼ 2.33 ਫੀਸਦੀ ਬਣਦਾ ਹੈ, ਪਰੰਤੂ ਦੇਸ਼ ਦੇ ਕੁੱਲ ਟਰੈਕਟਰਾਂ ਵਿੱਚੋਂ ਇਕੱਲੇ ਪੰਜਾਬ ਕੋਲ 5.80 ਫੀਸਦੀ ਟਰੈਕਟਰ ਹਨ। ਦੇਸ਼ ਦੇ ਖੇਤੀ ਰਕਬੇ ਵਿੱਚੋਂ ਹਰਿਆਣਾ ਦਾ ਰਕਬਾ 2.07 ਫੀਸਦੀ ਬਣਦਾ ਹੈ, ਪਰੰਤੂ ਹਰਿਆਣਾ ਵਿੱਚ 6.19 ਫੀਸਦੀ ਟਰੈਕਟਰ ਹਨ।




ਟਰੈਕਟਰਾਂ ਦੀ ਕੌਮੀ ਔਸਤ ਦੇਖੀਏ ਤਾਂ ਦੇਸ਼ ਵਿੱਚ 18.10 ਕਰੋੜ ਹੈਕਟੇਅਰ ਰਕਬੇ ਲਈ ਕੁੱਲ 1.09 ਕਰੋੜ ਖੇਤੀ ਟਰੈਕਟਰ ਹਨ। ਮਤਲਬ ਕਿ 16.52 ਹੈਕਟੇਅਰ ਪਿੱਛੇ ਔਸਤਨ ਇੱਕ ਟਰਕੈਟਰ ਬਣਦਾ ਹੈ। ਹਰਿਆਣਾ ਵਿੱਚ ਖੇਤੀ ਹੇਠ 37.59 ਲੱਖ ਹੈਕਟੇਅਰ ਰਕਬਾ ਹੈ, ਜਿਸ 'ਤੇ 6.78 ਲੱਖ ਟਰੈਕਟਰ ਚੱਲ ਰਹੇ ਹਨ, ਭਾਵ ਕਿ 5.53 ਹੈਕਟੇਅਰ ਰਕਬੇ ਪਿੱਛੇ ਇੱਕ ਟਰੈਕਟਰ ਹੈ। ਪੰਜਾਬ ਵਿੱਚ 42.35 ਲੱਖ ਹੈਕਟੇਅਰ ਰਕਬੇ 'ਤੇ ਖੇਤੀ ਲਈ 6.36 ਲੱਖ ਟਰੈਕਟਰ ਹਨ।

ਪੰਜਾਬ ਵਿੱਚ 6.65 ਹੈਕਟੇਅਰ ਰਕਬੇ ਪਿੱਛੇ ਇੱਕ ਟਰੈਕਟਰ ਹੈ। ਸਮੁੱਚੇ ਦੇਸ਼ ਵਿੱਚੋਂ ਪੰਜਾਬ ਅਤੇ ਹਰਿਆਣਾ ਟਰੈਕਟਰ ਘਣਤਾ ਦੇ ਲਿਹਾਜ਼ ਨਾਲ ਮੋਹਰੀ ਹਨ। ਖੇਤੀ ਅਰਥਚਾਰੇ ਦੇ ਸੰਤੁਲਨ ਲਈ ਏਨੇ ਟਰੈਕਟਰ ਵਾਰਾ ਨਹੀਂ ਖਾਂਦੇ ਹਨ। ਦੂਜੇ ਸੂਬਿਆਂ 'ਤੇ ਤਰਦੀ ਨਜ਼ਰ ਮਾਰੀਏ ਤਾਂ ਮੱਧ ਪ੍ਰਦੇਸ਼ ਵਿੱਚ 11.06 ਹੈਕਟੇਅਰ ਪਿੱਛੇ ਇੱਕ ਟਰੈਕਟਰ, ਉੱਤਰ ਪ੍ਰਦੇਸ਼ ਵਿੱਚ 8.45 ਹੈਕਟੇਅਰ ਪਿੱਛੇ ਇੱਕ ਟਰੈਕਟਰ, ਗੁਜਰਾਤ ਵਿੱਚ 14.91 ਹੈਕਟੇਅਰ ਪਿੱਛੇ ਇੱਕ, ਕਰਨਾਟਕ ਵਿੱਚ 15.04 ਹੈਕਟੇਅਰ ਪਿੱਛੇ ਇੱਕ ਅਤੇ ਰਾਜਸਥਾਨ ਵਿੱਚ 16.57 ਹੈਕਟੇਅਰ ਪਿੱਛੇ ਔਸਤਨ ਇੱਕ ਟਰੈਕਟਰ ਹੈ। ਪੱਛਮੀ ਬੰਗਾਲ ਵਿੱਚ ਤਾਂ 55.47 ਹੈਕਟੇਅਰ 'ਤੇ ਔਸਤਨ ਇੱਕ ਟਰੈਕਟਰ ਚੱਲਦਾ ਹੈ। ਕੌਮੀ ਔਸਤ 16.52 ਹੈਕਟੇਅਰ ਪਿੱਛੇ ਔਸਤਨ ਇੱਕ ਟਰੈਕਟਰ ਦੀ ਹੈ।

ਦੇਸ਼ ਵਿੱਚ ਕਰੀਬ 21 ਟਰੈਕਟਰ ਕੰਪਨੀਆਂ ਹਨ, ਜਿਨ੍ਹਾਂ ਲਈ ਪੰਜਾਬ ਅਤੇ ਹਰਿਆਣਾ ਸੋਨੇ ਦੀ ਖਾਣ ਵਾਂਗ ਹਨ। ਖੇਤੀ ਮਾਹਿਰਾਂ ਮੁਤਾਬਕ ਪੰਜਾਬ ਵਿੱਚ ਦੋ ਫਸਲੀ-ਪ੍ਰਣਾਲੀ ਭਾਰੂ ਹੋਣ ਕਰਕੇ ਇੱਕ ਏਕੜ ਦੀ ਖੇਤੀ ਵਿੱਚ ਸਾਲਾਨਾ 224 ਘੰਟੇ ਦਾ ਹੀ ਕੰਮ ਰਹਿ ਗਿਆ ਹੈ। ਖੇਤੀ ਮਸ਼ੀਨਰੀ ਦੀ ਬਹੁਤਾਤ ਕਰਕੇ ਕਰੀਬ ਦੋ ਲੱਖ ਕਿਸਾਨ ਖੇਤੀ ਵਿੱਚੋਂ ਬਾਹਰ ਹੋ ਚੁੱਕੇ ਹਨ। ਡਾ. ਸੁਖਪਾਲ ਸਿੰਘ ਵੱਲੋਂ ਸਾਲ 2005 ਵਿੱਚ ਕਿਸਾਨੀ ਕਰਜ਼ੇ 'ਤੇ ਕੀਤੀ ਸਟੱਡੀ ਵਿੱਚ ਤੱਥ ਉਭਰੇ ਸਨ ਕਿ ਬਿਨਾਂ ਟਰੈਕਟਰਾਂ ਵਾਲੇ ਕਿਸਾਨਾਂ ਨਾਲੋਂ ਟਰੈਕਟਰਾਂ ਵਾਲੇ ਕਿਸਾਨਾਂ ਸਿਰ ਢਾਈ ਗੁਣਾ ਜ਼ਿਆਦਾ ਕਰਜ਼ਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰਮੁੱਖ ਖੇਤੀ ਅਰਥਸ਼ਾਸਤਰੀ ਡਾ. ਗੁਰਜਿੰਦਰ ਸਿੰਘ ਰੋਮਾਣਾ ਨੇ ਕਿਹਾ ਕਿ ਜੋ ਖੇਤੀ ਲਈ ਇੱਕ ਟਰੈਕਟਰ ਸਾਲਾਨਾ ਘੱਟੋ-ਘੱਟ ਇੱਕ ਹਜ਼ਾਰ ਘੰਟੇ ਚੱਲਦਾ ਹੈ ਤਾਂ ਹੀ ਵਿੱਤੀ ਤੌਰ 'ਤੇ ਵਾਰਾ ਖਾਂਦਾ ਹੈ, ਪਰੰਤੂ ਪੰਜਾਬ ਵਿੱਚ ਖੇਤੀ ਲਈ ਸਿਰਫ 250 ਘੰਟੇ ਸਾਲਾਨਾ ਹੀ ਟਰੈਕਟਰ ਚੱਲ ਰਿਹਾ ਹੈ, ਜੋ ਘਾਟੇ ਦਾ ਸੌਦਾ ਹੈ।

### ਹਰੀ ਕ੍ਰਾਂਤੀ ਦਾ ਮਾਡਲ ਜ਼ਿੰਮੇਵਾਰ : ਰਮਿੰਦਰ ਸਿੰਘ

ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਰਮਿੰਦਰ ਸਿੰਘ ਪਟਿਆਲਾ ਤਰਕ ਦਿੰਦੇ ਹਨ ਕਿ ਪੰਜਾਬ ਵਿੱਚ ਬੇਲੋੜਾ ਮਸ਼ੀਨੀਕਰਨ ਹਰੀ ਕ੍ਰਾਂਤੀ ਦੇ ਵਿਕਾਸ ਮਾਡਲ ਦੀ ਦੇਣ ਹੈ। ਇਹ ਮਾਡਲ ਕਾਰਪੋਰੇਟ ਦੀ ਤਰਫਦਾਰੀ ਵਾਲਾ ਹੈ ਅਤੇ ਕਿਸਾਨੀ ਕਰਜ਼ੇ ਲਈ ਜ਼ਿੰਮੇਵਾਰ ਇੱਕ ਟਰੈਕਟਰ ਖੇਤੀ ਮਸ਼ੀਨਰੀ ਦੀ ਬੇਲੋੜੀ ਖਰੀਦ ਵੀ ਹੈ। ਉਨ੍ਹਾਂ ਕਿਹਾ ਕਿ ਵੱਡੇ ਟਰੈਕਟਰਾਂ ਦਾ ਰੁਝਾਨ ਦੁਆਬੇ ਵਿੱਚ ਵੱਧ ਹੈ, ਜਿੱਥੇ ਹਾਲਾਂਕਿ ਜੋਤਾਂ ਛੋਟੀਆਂ ਹਨ।

### ਵੱਡੇ ਟਰੈਕਟਰਾਂ ਵਿੱਚ ਪੰਜਾਬ ਨੰਬਰ ਵਨ

ਪੰਜਾਹ ਹਾਰਸ ਪਾਵਰ ਤੋਂ ਵੱਧ ਵਾਲੇ ਵੱਡੇ ਟਰੈਕਟਰਾਂ ਵਿੱਚ ਨੰਬਰ ਵਨ ਬਣ ਗਿਆ ਹੈ। ਇੱਥੋਂ ਤੱਕ ਕਿ 75 ਹਾਰਸ ਪਾਵਰ ਤੱਕ ਦੇ ਟਰੈਕਟਰ ਵੀ ਪੰਜਾਬੀ ਖਰੀਦ ਰਹੇ ਹਨ। ਅਪ੍ਰੈਲ-ਮਈ ਵਿੱਚ ਦੇਸ਼ ਭਰ ਵਿੱਚ 50 ਹਾਰਸ ਪਾਵਰ ਤੋਂ ਵੱਧ ਵਾਲੇ 2796 ਵੱਡੇ ਟਰੈਕਟਰਾਂ ਦੀ ਵਿਕਰੀ ਹੋਈ, ਜਿਸ ਵਿੱਚੋਂ 565 ਟਰੈਕਟਰ (20.21 ਫੀਸਦੀ) ਇਕੱਲੇ ਪੰਜਾਬ ਵਿੱਚ ਵਿਕੇ। ਅਪ੍ਰੈਲ ਤੋਂ ਨਵੰਬਰ 2024 ਦਰਮਿਆਨ 25.46 ਫੀਸਦੀ ਵੱਡੇ ਟਰੈਕਟਰ ਇਕੱਲੇ ਪੰਜਾਬ ਵਿੱਚ ਪੁੱਜੇ ਸਨ।

ਕੇਂਦਰ ਸਰਕਾਰ ਨੇ ਸਾਲ 2018 ਵਿੱਚ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ 'ਤੇ ਸਬਸਿਡੀ ਦੇਣੀ ਸ਼ੁਰੂ ਕੀਤੀ ਤਾਂ ਪੰਜਾਬ ਅਤੇ ਹਰਿਆਣਾ ਵਿੱਚ ਖੇਤੀ ਸੰਦਾਂ 'ਤੇ ਵੱਡੇ ਟਰੈਕਟਰਾਂ ਦਾ ਘੜਮੱਸ ਹੀ ਪੈ ਗਿਆ। ਪਰਾਲੀ ਪ੍ਰਬੰਧਨ ਦੇ ਖੇਤੀ ਸੰਦ ਜਿਵੇਂ ਮਲਚਰ, ਬੇਲਰ, ਸੁਪਰਸੀਡਰ ਆਦਿ ਲਈ 50 ਹਾਰਸ ਪਾਵਰ ਤੋਂ ਵੱਧ ਵਾਲਾ ਵੱਡਾ ਟਰੈਕਟਰ ਲੋੜ ਬਣਾ ਦਿੱਤਾ ਗਿਆ। ਕੇਂਦਰ ਦੀ ਸਬਸਿਡੀ ਨੇ ਖੇਤੀ ਸੰਦ ਘਰ-ਘਰ ਵਿੱਚ ਤੁੰਨ ਦਿੱਤੇ ਹਨ।

ਜਦੋਂ ਸ਼ਿੰਗਾਰੇ ਹੋਏ ਟਰੈਕਟਰ ਸੜਕਾਂ 'ਤੇ ਦੇਖਦੇ ਹਾਂ ਤਾਂ ਇੱਕ ਵੱਖਰਾ ਪੰਜਾਬ ਨਜ਼ਰ ਪੈਂਦਾ ਹੈ। ਹਾਲਾਂਕਿ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਕਹਾਣੀ ਵੱਖਰੀ ਹੈ। ਬਠਿੰਡਾ ਦੇ ਪਿੰਡ ਕਰਾੜਵਾਲਾ ਦੇ ਅਗਾਂਹਵਧੂ ਕਿਸਾਨ ਹਰਚਰਨ ਸਿੰਘ ਢਿੱਲੋਂ ਨੇ ਆਖਿਆ ਕਿ ਜਿਨ੍ਹਾਂ ਕਿਸਾਨ ਘਰਾਂ ਵਿੱਚ ਨਵੀਂ ਪੀੜ੍ਹੀ ਦਾ ਦਾਬਾ ਹੋ ਗਿਆ ਹੈ, ਉੱਥੇ ਛੋਟੀ ਪੈਲੀ 'ਤੇ ਵੀ ਵੱਡੇ ਟਰੈਕਟਰ ਗੂੰਜ ਰਹੇ ਹਨ। ਉਨ੍ਹਾਂ ਕਿਹਾ ਕਿ ਬੇਲੋੜੀ ਖੇਤੀ ਮਸ਼ੀਨਰੀ ਕਿਸਾਨਾਂ ਦੀ ਕਮਾਈ ਨੂੰ ਚੂਸ ਜਾਂਦੀ ਹੈ, ਉਲਟਾ ਪਰਿਵਾਰ ਕਰਜ਼ੇ ਵਿੱਚ ਦੱਬ ਜਾਂਦੇ ਹਨ। ਸੋਚ ਕੇ ਚੱਲਣ ਦੀ ਲੋੜ ਹੈ ਕਿ ਕਿਤੇ ਪੰਜਾਬੀਪੁਣਾ ਜੜ੍ਹੀਂ ਹੀ ਨਾ ਬੈਠ ਜਾਵੇ।

ਬਲਦਾਂ ਦੀ ਖੇਤੀ ਵਾਲਾ ਪੰਜਾਬ ਵਾਇਆ ਹਰੀ ਕ੍ਰਾਂਤੀ ਅੱਜ ਟਰੈਕਟਰਾਂ ਵਿੱਚ ਮੋਹਰੀ ਬਣ ਬੈਠਾ ਹੈ। ਅਕਾਲੀ ਹਕੂਮਤ ਨੇ ਪੁਰਾਣੇ ਸਮਿਆਂ ਵਿੱਚ ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਕਰਾਰ ਦਿੱਤਾ ਸੀ, ਤਾਂ ਜੋ ਫਜ਼ੂਲ ਟੈਕਸਾਂ ਦਾ ਕਿਸਾਨੀ 'ਤੇ ਬੋਝ ਨਾ ਪਵੇ। ਹੁਣ ਪੰਜਾਬ ਵਿੱਚ ਮਹਿੰਦਰਾ, ਜੌਹਨ ਡੀਅਰ, ਸਵਰਾਜ, ਨਿਊ ਹਾਲੈਂਡ ਅਤੇ ਸੋਨਾਲੀਕਾ ਆਦਿ ਟਰੈਕਟਰ ਕੰਪਨੀਆਂ ਦੀ ਚਾਂਦੀ ਬਣੀ ਹੋਈ ਹੈ। ਇੱਕ ਵੇਲੇ ਦੋ ਪੰਜਾਬ ਨਜ਼ਰ ਪੈਂਦੇ ਹਨ, ਇੱਕ ਵੱਡੇ-ਵੱਡੇ ਟਾਇਰਾਂ ਵਾਲੇ ਵੱਡੇ ਟਰੈਕਟਰਾਂ ਵਾਲਾ, ਦੂਜਾ ਬਿਨਾਂ ਟਰੈਕਟਰਾਂ ਤੋਂ ਵਾਹੀ ਕਰਦੇ ਕਿਸਾਨਾਂ ਵਾਲਾ ਪੰਜਾਬ।

ਖੇਤੀ ਮਹਿਕਮੇ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਕਿਹਾ ਕਿ ਕਿਸਾਨ ਘਰਾਂ ਵਿੱਚ ਬਹੁਤੇ ਪੁਰਾਣੇ ਟਰੈਕਟਰ ਵੀ ਹਾਲੇ ਖੜ੍ਹੇ ਹਨ, ਜਿਨ੍ਹਾਂ ਤੋਂ ਕੰਮ ਨਹੀਂ ਲਿਆ ਜਾ ਰਿਹਾ ਹੈ, ਉਹ ਵੀ ਅੰਕੜੇ ਨੂੰ ਵੱਡਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਖੇਤੀ ਤੋਂ ਇਲਾਵਾ ਕਿਸਾਨ ਢੋਆ-ਢੁਆਈ ਵਾਸਤੇ ਵੀ ਟਰੈਕਟਰ-ਟਰਾਲੀ ਦੀ ਵਰਤੋਂ ਕਰਦੇ ਹਨ।

# ਏ.ਆਈ. ਵਾਲੇ ਟਰੈਕਟਰ ਦੀਆਂ ਧੁੰਮਾਂ, ਬਿਨਾਂ ਡਰਾਈਵਰ ਕਰੇਗਾ ਵਾਹੀ

**★ ਪੀ. ਏ. ਯੂ. ਨੇ ਡਿਜੀਟਲ ਐਗਰੀਕਲਚਰ ਨੂੰ ਉਤਸ਼ਾਹਿਤ ਕਰਨ ਲਈ ਏ. ਆਈ. ਦੀ ਵਰਤੋਂ ਨਾਲ ਸਵੈ-ਸੰਚਾਲਿਤ ਟਰੈਕਟਰ ਸਿਸਟਮ ਤਿਆਰ ਕੀਤਾ ★ ਜਾਣਕਾਰੀ ਟਰੈਕਟਰ ਦੇ ਕੰਪਿਊਟਰ ਸਿਸਟਮ ਵਿੱਚ ਫੀਡ ਕਰਨ ਮਗਰੋਂ ਉਹ ਆਪਣੇ-ਆਪ ਕਰੇਗਾ ਸਾਰੇ ਕੰਮ**

ਮਸ਼ੀਨੀ ਗਿਆਨ ਮਨੁੱਖ ਦੀ ਜ਼ਿੰਦਗੀ 'ਤੇ ਅਸਰ ਪਾਉਂਦਾ ਜਾ ਰਿਹਾ ਹੈ। ਵਪਾਰ ਤੋਂ ਇਲਾਵਾ ਇਹ ਗੱਲ ਖੇਤੀਬਾੜੀ ਖੇਤਰ 'ਤੇ ਵੀ ਲਾਗੂ ਹੋ ਰਹੀ ਹੈ। ਇਸੇ ਲੜੀ ਵਿੱਚ ਪੀ. ਏ. ਯੂ. ਨੇ ਏ. ਆਈ. ਦੀ ਵਰਤੋਂ ਨਾਲ ਆਪਣੇ-ਆਪ ਚੱਲਣ ਵਾਲਾ ਟਰੈਕਟਰ ਸਿਸਟਮ ਤਿਆਰ ਕੀਤਾ ਹੈ, ਜਿਸ ਨਾਲ ਡਰਾਈਵਰ ਦੀ ਲੋੜ ਨਹੀਂ ਰਹੇਗੀ। ਮਿਸਾਲ ਵਜੋਂ ਜੇ ਦੋ ਕਿੱਲੇ ਦੀ ਸੈਟਿੰਗ ਕੀਤੀ ਹੋਵੇਗੀ, ਤਾਂ ਟਰੈਕਟਰ, ਦਿਨ ਹੋਵੇ ਜਾਂ ਰਾਤ, ਦੋ ਕਿੱਲੇ ਵਾਹ ਕੇ ਆਪਣੇ ਆਪ ਰੁੱਕ ਜਾਵੇਗਾ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਗੇਟ ਨੰਬਰ 4 ਦੇ ਨੇੜੇ ਆਪਣੇ ਖੋਜ ਫਾਰਮ ਵਿੱਚ ਇਸ ਟਰੈਕਟਰ ਦੀ ਡੈਮੋ ਦਿੱਤੀ। ਇਸ ਦੌਰਾਨ ਟਰੈਕਟਰਾਂ ਲਈ ਜੀਐਨਐਸਐਸ-ਅਧਾਰਤ ਆਟੋ-ਸਟੀਅਰਿੰਗ ਸਿਸਟਮ ਦਾ ਉਦਘਾਟਨ ਕੀਤਾ ਗਿਆ। ਇਹ ਸਮਾਗਮ ਮਸ਼ੀਨਰੀ ਪੱਖੋਂ ਪੀਏਯੂ ਦੀ ਰਵਾਇਤੀ ਖੇਤੀ ਤੋਂ ਡਿਜੀਟਲ ਅਤੇ ਸੂਖਮ ਖੇਤੀਬਾੜੀ ਵੱਲ ਯਾਤਰਾ ਦਾ ਇਕ ਅਹਿਮ ਪੜਾਅ ਮੰਨਿਆ ਜਾ ਰਿਹਾ ਹੈ। ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਸਮਾਰੋਹ ਦੀ ਨਿਗਰਾਨੀ ਕੀਤੀ। ਇਸ ਮੌਕੇ ਸੀਨੀਅਰ ਅਧਿਕਾਰੀ, ਵਿਗਿਆਨੀ ਅਤੇ ਮੀਡੀਆ ਪ੍ਰਤੀਨਿਧੀ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਆਟੋ-ਸਟੀਅਰਿੰਗ ਸਿਸਟਮ ਸੈਟੇਲਾਈਟ ਤੋਂ ਨਿਰਦੇਸ਼ ਪ੍ਰਾਪਤ ਕੰਪਿਊਟਰ ਆਧਾਰਿਤ ਵਿਧੀ ਹੈ ਜੋ ਟਰੈਕਟਰ ਚਲਾਉਣ ਦੌਰਾਨ ਸਟੀਅਰਿੰਗ ਨੂੰ ਸਵੈਚਾਲਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਸਿਸਟਮ ਸੈਂਸਰਾਂ ਅਤੇ ਇੱਕ ਟੱਚਸਕ੍ਰੀਨ ਕੰਟਰੋਲ ਜ਼ਰੀਏ ਕਈ ਸੈਟੇਲਾਈਟ ਤੋਂ ਸਿਗਨਲਾਂ ਨੂੰ ਨਿਰਦੇਸ਼ਤ ਕਰਕੇ ਟਰੈਕਟਰਾਂ ਨੂੰ ਸਹੀ ਅਤੇ ਦੱਸੇ ਮਾਰਗਾਂ ਤੇ ਤੋਰਦਾ ਹੈ। ਇਹ ਘੱਟ ਰੋਸ਼ਨੀ ਵਾਲੇ ਹਲਾਤ ਵਿੱਚ ਵੀ ਬਿਹਤਰ ਟਰੈਕਟਰ ਚਾਲਨ ਨੂੰ ਯਕੀਨੀ ਬਣਾ ਕੇ ਗਲਤੀਆਂ ਦੀ ਗੁੰਜਾਇਸ਼ ਘੱਟ ਕਰਦਾ ਹੈ।

ਪੀ ਏ ਯੂ ਦੇ ਤਜਰਬਿਆਂ ਤੋਂ ਪ੍ਰਾਪਤ ਅੰਕੜਿਆਂ ਅਨੁਸਾਰ ਆਟੋ ਸਟੀਅਰਿੰਗ ਦੇ ਨਾਲ, ਡਿਸਕ ਹੈਰੋ, ਕਲਟੀਵੇਟਰ, ਰੋਟਾਵੇਟਰ, ਅਤੇ ਪੀ ਏ ਯੂ ਸਮਾਰਟ ਸੀਡਰ ਵਰਗੇ ਸੰਦਾਂ ਨੇ ਕਾਫੀ ਹੱਦ ਤਕ ਸਹੀ ਕਾਰਜ ਕੀਤਾ। ਮੈਨੂਅਲ ਸਟੀਅਰਿੰਗ ਦੇ ਨਾਲ ਡਿਸਕ ਹੈਰੋ, ਕਲਟੀਵੇਟਰ,



ਰੋਟਾਵੇਟਰ ਅਤੇ ਪੀਏਯੂ ਸਮਾਰਟ ਸੀਡਰ ਵਰਗੇ ਫੀਲਡ ਉਪਕਰਣਾਂ ਨੇ 3 ਤੋਂ 12 ਪ੍ਰਤੀਸ਼ਤ ਦੇ ਵਿਚਕਾਰ ਓਵਰਲੈਪ ਦਿਖਾਇਆ। ਆਟੋ ਸਟੀਰਿੰਗ ਸਿਸਟਮ ਨਾਲ ਇਹ ਓਵਰਲੈਪ ਘੱਟ ਕੇ ਇੱਕ ਪ੍ਰਤੀਸ਼ਤ ਹੋ ਗਏ।

ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਮੌਕੇ ਕਿਹਾ ਕਿ ਇਸ ਵਿਧੀ ਦੀ ਸ਼ੁਰੂਆਤ ਨਾਲ ਖੇਤੀਬਾੜੀ ਵਿੱਚ ਡਿਜੀਟਲ ਤਬਦੀਲੀ ਵੱਲ ਪੀ. ਏ. ਯੂ. ਦੀ ਪਹਿਲਕਦਮੀ ਨੂੰ ਵਿਸ਼ੇਸ਼ ਗਤੀ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਸਿਰਫ਼ ਨਵੀ ਤੋਂ ਨਵੀਂ ਤਕਨਾਲੋਜੀ ਨੂੰ ਅਪਣਾ ਨਹੀਂ ਰਹੀ ਹੈ, ਸਗੋਂ ਖੇਤੀ ਨੂੰ ਲਾਭਦਾਇਕ, ਕੁਸ਼ਲ ਅਤੇ ਟਿਕਾਊ ਰੱਖਣ ਲਈ ਜ਼ਰੂਰੀ ਕੰਮ ਵੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਟੋ-ਸਟੀਅਰਿੰਗ ਵਰਗੇ ਡਿਜੀਟਲ ਤਰੀਕੇ ਨਾ ਸਿਰਫ਼ ਖੇਤੀ ਸਾਰਥਕਤਾ ਵਿੱਚ ਸੁਧਾਰ ਕਰਦੇ ਹਨ, ਸਗੋਂ ਕਿਸਾਨਾਂ ਦੇ ਬੋਝ ਨੂੰ ਵੀ ਹਲਕਾ ਕਰਦੇ ਹਨ।

ਪੀ. ਏ. ਯੂ. ਵੱਲੋਂ ਆਪਣੀਆਂ ਖੋਜ ਤਰਜੀਹਾਂ ਨੂੰ ਲਗਾਤਾਰ ਮੁੜ ਸੁਰਜੀਤ ਕਰਨ 'ਤੇ ਜ਼ੋਰ ਦਿੰਦੇ ਹੋਏ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਕਿਹਾ ਕਿ ਕੁਦਰਤੀ ਸਰੋਤਾਂ ਦੇ ਸੁੰਗੜਨ ਅਤੇ ਵਧਦੀਆਂ ਖੇਤੀ ਲਾਗਤਾਂ ਦੇ ਮੱਦੇਨਜ਼ਰ ਮਸ਼ੀਨਰੀ ਨੂੰ ਸੈਂਸਰ ਆਧਾਰਤ ਅਤੇ ਨੈਵੀਗੇਸ਼ਨ ਤਕਨਾਲੋਜੀਆਂ ਨਾਲ ਜੋੜਨਾ ਜ਼ਰੂਰੀ ਹੈ। ਉਨ੍ਹਾਂ ਦੇ ਕਥਨ ਅਨੁਸਾਰ, ਆਟੋ-ਸਟੀਅਰਿੰਗ ਸਿਸਟਮ ਵਰਗੇ ਵਿਗਿਆਨਕ ਤਰੀਕੇ ਭਾਰਤੀ ਖੇਤੀਬਾੜੀ ਦਾ ਭਵਿੱਖ ਹਨ।

ਪੀ. ਏ. ਯੂ. ਦੇ ਰਜਿਸਟਰਾਰ ਡਾ. ਰਿਸ਼ੀ ਪਾਲ ਸਿੰਘ (ਆਈ. ਏ. ਐਸ.) ਨੇ ਕਿਹਾ ਕਿ ਯੂਨੀਵਰਸਿਟੀ ਦੀਆਂ ਕਾਢਾਂ ਨੂੰ ਹਾਲ ਹੀ ਵਿੱਚ ਰਾਸ਼ਟਰੀ ਮਾਨਤਾ ਮਿਲੀ, ਜਦੋਂ ਕੇਂਦਰੀ ਖੇਤੀਬਾੜੀ ਮੰਤਰੀ, ਸ਼੍ਰੀ ਸਵਿਰਾਜ ਸਿੰਘ ਚੌਹਾਨ ਨੇ ਪਟਿਆਲਾ ਵਿੱਚ ਇੱਕ ਪ੍ਰਦਰਸ਼ਨੀ ਦੌਰਾਨ ਪੀਏਯੂ ਦੇ ਸੈਂਸਰ-ਅਧਾਰਤ ਝੋਨਾ ਟ੍ਰਾਂਸਪਲਾਂਟਰ ਦਾ ਤਜਰਬਾ ਕੀਤਾ ਸੀ। ਉਨ੍ਹਾਂ ਕਿਹਾ ਕਿ ਅੱਜ ਦੇ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤੀ ਖੇਤਰ ਵਿੱਚ ਪੀ. ਏ. ਯੂ. ਦੀ ਖੋਜ ਦੀ ਸਾਰਥਕਤਾ ਅਤੇ ਵਿਹਾਰਕਤਾ ਨੂੰ ਪ੍ਰਮਾਣਿਤ ਕਰਦੇ ਹਨ।

ਵਿਚਾਰ-ਵਟਾਂਦਰੇ ਦੌਰਾਨ ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਦੇ ਡੀਨ ਡਾ. ਮਨਜੀਤ ਸਿੰਘ ਨੇ ਯੂਨੀਵਰਸਿਟੀ ਵੱਲੋਂ ਜਾਰੀ ਰਿਮੋਟ-ਕੰਟਰੋਲ ਨਾਲ ਚਲਾਏ ਜਾਣ ਵਾਲੇ ਦੋ-ਪਹੀਆ ਝੋਨਾ ਟ੍ਰਾਂਸਪਲਾਂਟਰ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਇਹ ਮਸ਼ੀਨ ਕਿਸਾਨਾਂ ਨੂੰ ਖੇਤ ਤੋਂ ਬਾਹਰ ਛਾਂ ਵਿੱਚ ਬੈਠ ਕੇ ਕੰਮ ਕਰਨ ਦੀ ਸਹੂਲਤ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਤਕਨਾਲੋਜੀ ਨੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ, ਜਿਸ ਵਿੱਚ ਖੇਤ ਦੀ ਸਮਰੱਥਾ ਵਿੱਚ 12 ਪ੍ਰਤੀਸ਼ਤ ਤੱਕ ਵਾਧਾ, ਥਕਾਵਟ ਵਿੱਚ 85 ਪ੍ਰਤੀਸ਼ਤ ਕਮੀ ਅਤੇ ਮਜ਼ਦੂਰਾਂ ਦੀਆਂ ਜ਼ਰੂਰਤਾਂ ਵਿੱਚ 40 ਪ੍ਰਤੀਸ਼ਤ ਦੀ ਗਿਰਾਵਟ ਸ਼ਾਮਲ ਹੈ।

ਪੀ. ਏ. ਯੂ. ਵਲੋਂ ਇਸ ਮੌਕੇ ਸੂਖਮ ਸਿੰਚਾਈ ਦੇ ਖੇਤਰ ਵਿਚ ਜਾਰੀ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਯੂਨੀਵਰਸਿਟੀ ਪਾਣੀ ਦੀਆਂ ਤਕਨਾਲੋਜੀਆ ਅਤੇ ਸੰਭਾਲ ਕੇਂਦਰ ਆਈਓਟੀ-ਆਧਾਰਿਤ ਸਿੰਚਾਈ ਪ੍ਰਣਾਲੀਆਂ ਵਿਕਸਿਤ ਕਰ ਰਿਹਾ ਹੈ, ਜਿਸ ਨਾਲ ਮਿੱਟੀ ਅਤੇ ਪਾਣੀ ਦੇ ਖੇਤਰ ਵਿਚ ਨਵੀਆਂ ਖੋਜਾਂ ਰਾਹੀਂ ਬਿਹਤਰ ਸਿੱਟੇ ਸਾਹਮਣੇ ਆ ਸਕਣਗੇ। ਇਹ ਤਰੀਕੇ ਝੋਨਾ, ਕਣਕ, ਮੱਕੀ ਅਤੇ ਗਰਮ ਰੁੱਤ ਦੀ ਮੂੰਗੀ ਵਰਗੀਆਂ ਫਸਲਾਂ ਲਈ ਸਿੰਚਾਈ ਦੇ ਸਮੇਂ ਨੂੰ ਸਵੈ-ਸੰਚਾਲਿਤ ਕਰਦੇ ਹਨ। ਸੰਗਰੂਰ ਵਿੱਚ ਕੀਤੇ ਗਏ ਤਜਰਬਿਆਂ ਨੇ ਪਾਣੀ ਦੀ ਵਰਤੋਂ ਕੁਸ਼ਲਤਾ ਵਿੱਚ ਸੁਧਾਰ, ਗ੍ਰੀਨਹਾਊਸ ਗੈਸਾਂ ਵਿੱਚ ਕਮੀ, ਅਤੇ ਘੱਟ ਊਰਜਾ ਅਤੇ ਮਜ਼ਦੂਰੀ ਦੀ ਬੱਚਤ ਵਰਗੇ ਨਤੀਜੇ ਪੇਸ਼ ਕੀਤੇ।

ਇਹ ਨਵੀਆਂ ਕਾਢਾਂ ਖੇਤੀਬਾੜੀ ਦੇ ਨਵੇਂ ਖੇਤੀ ਉਦੇਸ਼ਾਂ ਵੱਲ ਸੰਕੇਤ ਕਰਦੀਆਂ ਹਨ ਜੋ ਸਮਾਰਟ, ਸਥਿਰ ਅਤੇ ਅਜੋਕੇ ਸੰਸਾਰ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਪੀਏਯੂ ਦੀਆਂ ਤਕਨਾਲੋਜੀਆਂ ਖੇਤੀ ਲਾਗਤਾਂ ਨੂੰ ਘਟਾਉਣ, ਉਪਜ ਵਿੱਚ ਸੁਧਾਰ ਕਰਨ ਅਤੇ ਕਿਸਾਨਾਂ ਲਈ ਬਿਹਤਰ ਕੰਮ ਕਰਨ ਦੇ ਮੌਕੇ ਬਣਾਉਣ ਦੇ ਉਦੇਸ਼ ਨਾਲ ਵਿਕਸਿਤ ਕੀਤੀਆਂ ਗਈਆਂ ਹਨ। ਆਪੇ ਚੱਲਣ ਵਾਲੇ ਟਰੈਕਟਰ ਦੀ ਇਕ ਤਕਨਾਲੋਜੀ ਦੇ ਵਿਕਾਸ ਵਿਚ ਪੀ ਏ ਯੂ ਦੇ ਖੇਤ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ ਦੇ ਮਾਹਿਰ ਡਾ. ਅਸੀਮ ਵਰਮਾ ਅਤੇ ਉਨ੍ਹਾਂ ਦੀ ਟੀਮ ਦਾ ਵਿਸ਼ੇਸ਼ ਯੋਗਦਾਨ ਰਿਹਾ।

